
# ਪਿੰਗਲਵਾੜਾ ਕੁਦਰਤੀ ਖੇਤੀ ਫਾਰਮ ਅਤੇ ਪੰਜਾਬ ਦੇ ਕਿਸਾਨਾਂ ਵੱਲੋਂ ਚਾਰਲਸ ਡਾਰਵਿਨ ਯੂਨੀਵਰਸਿਟੀ, ਆਸਟ੍ਰੇਲੀਆ ਫੇਰੀ ਦੌਰਾਨ








ਲੇਖਕ ਅਤੇ ਸੰਪਾਦਕ ਸ. ਰਾਜਬੀਰ ਸਿੰਘ
ਇੰਚਾਰਜ ਧੀਰੇਕੋਟ ਫਾਰਮ

# ਭਗਤ ਪੂਰਨ ਸਿੰਘ ਜੀ ਦੇ ਉਪਦੇਸ਼

- ਕੁਦਰਤੀ ਸੋਮਿਆਂ ਦੀ ਰੱਖਿਆ ਕਰੋ।
- ਸਾਦਾ ਜੀਵਨ ਬਤੀਤ ਕਰੋ।
- ਵੱਧ ਤੋਂ ਵੱਧ ਰੁੱਖ ਲਗਾ ਕੇ ਮਨੁੱਖਤਾ ਦਾ ਭਲਾ ਕਰੋ।
- ਖਾਦੀ ਦਾ ਕੱਪੜਾ ਪਹਿਨ ਕੇ ਬੇਰੁਜ਼ਗਾਰੀ ਨੂੰ ਘਟਾਉਣ ਵਿੱਚ ਮਦਦ ਕਰੋ।
- ਸਾਦਾ ਖਾਣਾ, ਸਾਦਾ ਪਾਉਣਾ ਤੇ ਸਾਦਗੀ ਵਿੱਚ ਰਹਿਣ ਦਾ ਅਨੰਦ ਹੀ ਵੱਖਰਾ ਹੈ।
- ਡੀਜ਼ਲ ਤੇ ਪੈਟਰੋਲ ਦੀ ਘੱਟ ਤੋਂ ਘੱਟ ਵਰਤੋਂ ਕਰੋ ਅਤੇ ਵਧ ਰਹੀ ਆਬਾਦੀ ਨੂੰ ਠੱਲ੍ਹ ਪਾਉਣ ਲਈ ਸੰਜਮ-ਮਈ ਜੀਵਨ ਬਤੀਤ ਕਰੋ।
- ਰੋ ਰਹੇ ਹਵਾ, ਪਾਣੀ ਅਤੇ ਧਰਤੀ ਮਾਤਾ ਦੀ ਪੁਕਾਰ ਸੁਣੋ। ਰੁੱਖ ਲਾਉਣੇ ਨਾ ਭੁੱਲੋ, ਰੁੱਖ ਦੇਸ਼ ਦੀ ਖ਼ੁਸ਼ਹਾਲੀ ਦਾ ਆਧਾਰ ਹਨ।
- ਬਰਸਾਤ ਦੇ ਮੌਸਮ ਵਿੱਚ ਹਰ ਇਕ ਪ੍ਰਾਣੀ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਗਾ ਕੇ ਮਾਨਵਤਾ ਦਾ ਭਲਾ ਕਰੇ।
- ਜਾਨਵਰਾਂ ਦੀ ਰੱਖਿਆ ਲਈ ਮਨੁੱਖ ਨੂੰ ਆਪਣੇ ਅੰਦਰ ਦਇਆਮਈ ਭਾਵਨਾ ਰੱਖਦਿਆਂ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ।

ਮਾਰਚ 2023 ਨੂੰ ਪਹਿਲੀ ਵਾਰ ਛਪੀ 1500

# ਪਿੰਗਲਵਾੜਾ ਕੁਦਰਤੀ ਫਾਰਮ ਦੇ ਸੰਚਾਲਨ ਅਤੇ ਪੰਜਾਬ ਦੇ ਕਿਸਾਨਾਂ ਵੱਲੋਂ ਆਸਟਰੇਲੀਆ ਫੇਰੀ

ਭਗਤ ਪੂਰਨ ਸਿੰਘ ਜੀ ਪਿੰਗਲਵਾੜਾ ਦੀ ਸਥਾਪਨਾ ਤੇ ਅਸਚਰਜਤਾ ਪ੍ਰਗਟ ਕਰਦੇ ਹਨ। ਇਕ ਥਾਂ ਲਿਖਦੇ ਹਨ ਕਿ ਜਿਸ ਦਿਨ ਪਿਆਰਾ ਸਿੰਘ ਮੇਰੀ ਦੇਖ-ਰੇਖ ਵਿੱਚ ਆਇਆ ਸੀ, ਪਿੰਗਲਵਾੜਾ ਤਾਂ ਰੱਬ ਦੀ ਮੁੱਠੀ ਵਿੱਚ ਉਸੇ ਦਿਨ ਹੀ ਆ ਗਿਆ ਸੀ, ਕਦੀ ਕਹਿੰਦੇ ਕਿਸੇ ਨੂੰ ਕੀ ਪਤਾ ਸੀ ਕਿ ਪਿਆਰੇ ਦੀ ਸੇਵਾ ਕਰਕੇ ਇਕ ਸੰਸਥਾ ਜਨਮ ਲਵੇਗੀ। ਜੇ ਕਿਸੇ ਹੋਰ ਨੂੰ ਪਤਾ ਹੁੰਦਾ ਤਾਂ ਉਹ ਪਿਆਰੇ ਦੀ ਸੇਵਾ ਕਰ ਲੈਂਦਾ।

ਪਿੰਗਲਵਾੜਾ ਸੰਸਥਾ ਨੇ ਜਦੋਂ ਧੀਰੇਕੋਟ ਜਗ੍ਹਾ ਖ਼ਰੀਦੀ ਤਾਂ ਅਜੇ ਕੋਈ ਯੋਜਨਾ ਨਹੀਂ ਸੀ। ਇਸ ਸਮੇਂ ਦੌਰਾਨ ਅਪੰਗਤਾ ਤੇ ਸੈਮੀਨਾਰ ਹੋਇਆ, ਉਸ ਵਿੱਚੋਂ ਇਹ ਗੱਲ ਸਾਹਮਣੇ ਆਈ ਕਿ ਅਪੰਗਤਾ ਦੇ ਕਈ ਕਾਰਨਾਂ ਵਿੱਚੋਂ ਇਕ ਕਾਰਨ ਕੀਟਨਾਸ਼ਕ ਅਤੇ ਨਦੀਨ-ਨਾਸ਼ਕ ਦੀ ਖੇਤਾਂ ਅਤੇ ਘਰਾਂ ਵਿੱਚ ਵਰਤੋਂ ਹੁੰਦੀ ਹੈ ਜਿਹੜੇ ਕਿ ਸਾਡੀ ਖ਼ੁਰਾਕ ਅਤੇ ਸਾਹ ਪ੍ਰਣਾਲੀ ਰਾਹੀਂ ਸਰੀਰ ਵਿੱਚ ਪ੍ਰਵੇਸ਼ ਕਰਦੇ ਹਨ ਜਿਸ ਕਰਕੇ ਅਪੰਗ ਬੱਚੇ ਪੈਦਾ ਹੁੰਦੇ ਹਨ। ਪਿੰਗਲਵਾੜਾ ਸੰਸਥਾ ਵਿੱਚ ਇਹੋ ਜਿਹੇ ਬੱਚਿਆਂ ਦੀ ਗਿਣਤੀ ਦਿਨੋ-ਦਿਨ ਵਧ ਰਹੀ ਹੈ। ਫਿਰ ਸੰਸਥਾ ਨੇ ਜ਼ੀਰੋ ਬਜਟ ਕੁਦਰਤੀ ਖੇਤੀ ਦੇ ਮਾਹਰ ਸੁਭਾਸ਼ ਪਾਲੇਕਰ ਜੀ ਨੂੰ ਬੁਲਾਇਆ ਅਤੇ ਸੈਮੀਨਾਰ ਕੀਤਾ ਅਤੇ ਵਰਕਸ਼ਾਪ ਲਗਾਈ, ਜਿਸ ਕਰਕੇ ਮਨ ਵਿੱਚ ਵਿਚਾਰ ਆਇਆ ਕਿ ਭਗਤ ਪੂਰਨ ਸਿੰਘ ਜੀ ਰਸਾਇਣਿਕ ਖੇਤੀ ਦੇ ਨੁਕਸਾਨਾਂ ਤੋਂ ਜਾਣੂ ਸਨ। ਇਸ ਕਰਕੇ ਇਸ ਦੇ ਵਿਰੁੱਧ ਇਸ਼ਤਿਹਾਰ ਛਾਪ ਕੇ ਲੋਕਾਂ ਨੂੰ ਜਾਗਰੂਕ ਕਰਦੇ ਸਨ, ਪਰ ਉਸਦਾ ਜ਼ਿਆਦਾ ਅਸਰ ਨਹੀਂ ਸੀ ਹੋ ਸਕਿਆ। ਸੋ ਮਨ ਵਿੱਚ ਵਿਚਾਰ ਆਇਆ ਸੀ ਕਿ ਜ਼ੀਰੋ ਬਜਟ ਕੁਦਰਤੀ ਖੇਤੀ ਧੀਰੇਕੋਟ ਦੀ ਜ਼ਮੀਨ ਤੇ ਕੀਤੀ ਜਾਵੇ। ਸੋ ਰਾਜਬੀਰ ਸਿੰਘ ਜੀ ਨਾਲ ਗੱਲ ਕੀਤੀ ਅਤੇ ਉਹਨਾਂ ਦੇ ਉੱਦਮ ਸਦਕਾ ਇਹ ਖੇਤੀ ਕਰਨੀ ਸ਼ੁਰੂ ਕੀਤੀ। ਵਾਹਿਗੁਰੂ ਨੇ ਸਫਲਤਾ ਬਖ਼ਸ਼ੀ, ਇਹ ਵਿਚਾਰ ਆਇਆ ਸੀ ਕਿ ਭਗਤ ਜੀ ਲਿਖਤਾਂ ਤੇ ਜ਼ਿਆਦਾ ਪ੍ਰਭਾਵ ਨਹੀਂ ਪਿਆ ਸਫਲੀ ਖੇਤੀ ਦੇਖ ਕੇ ਜੋ ਕਿਸਾਨ ਇਹ ਖੇਤੀ ਕਰਨਗੇ ਤਾਂ ਖੁਦਕੁਸ਼ੀਆਂ ਤੋਂ ਬਚ ਜਾਣਗੇ ਕਿਉਂਕਿ ਇਹ ਖੇਤੀ ਜ਼ੀਰੋ ਬਜਟ ਹੈ। ਦੂਸਰਾ ਜੇ ਲੋਕੀਂ ਇਹ ਖੇਤੀ ਕਰਨਗੇ ਤਾਂ ਕੈਂਸਰ ਤੋਂ ਵੀ ਬਚਾ ਹੋਵੇਗਾ। ਹੁਣ ਤਾਂ ਸਾਰੇ ਸੰਸਾਰ ਵਿੱਚ ਜਾਗਰੂਕਤਾ ਆਈ ਹੈ। ਇਸੇ ਕਰਕੇ ਹੀ ਆਸਟਰੇਲੀਆ ਦੀ ਡਾਰਵਿਨ ਯੂਨੀਵਰਸਿਟੀ ਵਾਲੇ ਪਿੰਗਲਵਾੜਾ ਦਾ ਖੇਤ ਦੇਖਣ ਆਏ ਅਤੇ ਫਿਰ ਸਫਲ ਕਿਸਾਨਾਂ ਨੂੰ ਆਸਟਰੇਲੀਆ ਸੱਦਿਆ ਜਿਸ ਵਿੱਚ ਸ੍ਰ:ਰਾਜਬੀਰ ਸਿੰਘ ਜੀ ਵੀ ਗਏ। ਉੱਥੋਂ ਦੇ ਕਿਸਾਨ ਰਸਾਇਣਿਕ ਖੇਤੀ ਹੀ ਕਰ ਰਹੇ ਹਨ ਪਰ ਉਹਨਾਂ ਦਾ ਝੁਕਾਅ ਹੁਣ ਜ਼ੀਰੋ ਬਜਟ ਕੁਦਰਤੀ ਖੇਤੀ ਵੱਲ ਹੋ ਗਿਆ ਹੈ। ਰਾਜਬੀਰ ਸਿੰਘ ਜੀ ਨੇ ਇਸ ਸੋਵੀਨਰ ਵਿੱਚ ਵਿਸਥਾਰ ਨਾਲ ਆਪਣੀ ਆਸਟਰੇਲੀਆ ਦੀ ਡਾਰਵਿਨ ਯੂਨੀਵਰਸਿਟੀ ਦਾ ਵਿਸਥਾਰ ਨਾਲ ਦੱਸਿਆ। ਸੋ ਜਦੋਂ ਇਹ ਫਾਰਮ ਵਿੱਚ ਜ਼ੀਰੋ ਬਜਟ ਖੇਤੀ ਸ਼ੁਰੂ ਕੀਤੀ ਸੀ ਤਾਂ ਸਾਨੂੰ ਨਹੀਂ ਪਤਾ ਕਿ ਰੱਬ ਨੇ ਆਪਣੀ ਮੁੱਠੀ ਵਿੱਚ ਸਰਬੱਤ ਦੇ ਭਲੇ ਲਈ ਇਹ ਕਾਰਜ ਰੱਖਿਆ ਹੋਇਆ ਹੈ। ਸੰਗਤਾਂ ਨੂੰ ਖਾਸ ਕਰਕੇ ਕਿਸਾਨ ਵੀਰਾਂ ਭੈਣਾਂ ਨੂੰ ਬੇਨਤੀ ਹੈ ਕਿ ਇਹ ਖੇਤੀ ਅਪਨਾਉਣ ਤਾਂ ਕਿ ਬੀਮਾਰੀਆਂ ਤੋਂ ਬਚਿਆ ਜਾ ਸਕੇ। ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ:

ਬਾਬਾ ਹੋਰ ਖਾਣਾ ਖੁਸੀ ਖੁਆਰੁ
ਜਿਤੁ ਖਾਧੈ ਤਨੁ ਪੀੜੀਐ ਮਨ
ਮਹਿ ਚਲੈ ਵਿਕਾਰ ॥ ਅੰਗ 16

ਵਲੋਂ: ਡਾ: ਇੰਦਰਜੀਤ ਕੌਰ
ਮੁਖ ਸੇਵਾਦਾਰ
ਆਲ ਇੰਡੀਆ ਪਿੰਗਲਵਾੜਾ
ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ

# ਚਾਰਲਸ ਡਾਰਵਿਨ ਯੂਨੀਵਰਸਿਟੀ, ਆਸਟ੍ਰੇਲੀਆ

## (Charles Darwin University, Australia)

'ਭਗਤ ਪੂਰਨ ਸਿੰਘ ਕੁਦਰਤੀ ਖੇਤੀ ਫਾਰਮ ਅਤੇ ਰਿਸਰਚ ਸੈਂਟਰ', ਪਿੰਡ ਧੀਰਾਕੋਟ ਜੰਡਿਆਲਾ ਗੁਰੂ, ਨੇੜੇ ਕਨਾਲ ਰੈਸਟ ਹਾਊਸ ਵਿਖੇ 55 ਏਕੜ ਵਿੱਚ ਪਿਛਲੇ 15 ਸਾਲ ਤੋਂ ਕੁਦਰਤੀ ਖੇਤੀ (Organic Farming) ਕੀਤੀ ਜਾ ਰਹੀ ਹੈ। ਸਮੇਂ-ਸਮੇਂ ਦੇਸ਼-ਵਿਦੇਸ਼ ਤੋਂ ਬਹੁਤ ਸਾਰੇ ਵਿਗਿਆਨੀ, ਕਿਸਾਨ, ਸੰਸਥਾਵਾਂ ਇਹ ਮਾਡਲ ਦੇਖਣ ਲਈ ਆਉਂਦੇ ਹਨ।




ਪਿੰਗਲਵਾੜਾ ਪਰਿਵਾਰ ਇਹ ਦੱਸ ਕੇ ਖੁਸ਼ੀ ਮਹਿਸੂਸ ਕਰ ਰਿਹਾ ਹੈ ਕਿ 2019 ਵਿੱਚ ਚਾਰਲਸ ਡਾਰਵਿਨ ਯੂਨੀਵਰਸਿਟੀ, ਆਸਟ੍ਰੇਲੀਆ ਦੇ ਵਿਗਿਆਨੀ ਅਤੇ ਕੁਝ ਕਿਸਾਨ ਦੇਖਣ ਵਾਸਤੇ ਆਏ। ਹੁਣ ਸਤੰਬਰ 2022 ਵਿੱਚ ਯੂਨੀਵਰਸਿਟੀ ਨੇ organic farming, ਬਾਗ਼ਬਾਨੀ, Tree plantation , vegetables ਫਾਰਮਿੰਗ ਕਰ ਰਹੇ ਕਿਸਾਨ ਗਰੁੱਪ ਨੂੰ ਸੱਦਾ ਦਿੱਤਾ, ਕਿਉਂਕਿ ਯੂਨੀਵਰਸਿਟੀ ਦੇ ਵਿਗਿਆਨੀ ਚਾਹੁੰਦੇ ਸਨ ਕਿ ਆਸਟ੍ਰੇਲੀਆ ਦੀ ਸਾਰੀ




ਖੇਤੀ ਪਸ਼ੂ-ਪਾਲਣ, ਅੰਬਾਂ ਦੇ ਬਾਗ਼, ਕੌਫ਼ੀ ਦੇ ਬਾਗ਼, ਗੰਨੇ ਦੀ ਖੇਤੀ, ਮੂਸਲੀ ਦੀ ਖੇਤੀ, ਕਿਨੂੰ ਦੀ ਬਾਗ਼ਬਾਨੀ, ਐਵੀਕਾਡੋ ਅਤੇ ਵੱਖ-ਵੱਖ ਜੰਗਲ ਟਾਈਪ ਫਾਰਮ ਦਿਖਾ ਕੇ ਖੇਤੀ ਸੰਬੰਧੀ ਵਿਚਾਰ-ਵਟਾਂਦਰਾ ਕੀਤਾ ਜਾਵੇ। ਕਿੱਥੇ ਕੀ ਚੰਗਾ ਹੈ? ਕੀ ਸੁਧਾਰ ਹੋ ਸਕਦਾ ਹੈ?

ਅਸੀਂ ਵੱਖ-ਵੱਖ ਫਾਰਮਾਂ ਦੇ ਵਿੱਚ ਰੋਜ਼ ਜਾਂਦੇ ਰਹੇ ਅਤੇ ਜਾ ਕੇ ਦੇਖਿਆ ਕਿ ਗੁਰਬਾਣੀ ਦੇ ਕਥਨ ਅਨੁਸਾਰ ਪਵਣੁ ਗੁਰੂ ਪਾਣੀ ਪਿਤਾ ਗੁਰੂ ਦੇ ਉਪਦੇਸ਼ 'ਤੇ ਉਹ ਲੋਕ ਕੰਮ ਕਰ ਰਹੇ ਹਨ, ਜਿਹਨਾਂ ਨੇ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਇਹ ਸਲੋਕ ਪਵਣੁ ਗੁਰੂ ਪਾਣੀ ਪਿਤਾ ਪੜ੍ਹਿਆ ਹੀ ਨਹੀਂ ਹੈ; ਅਸੀਂ ਰੋਜ਼ ਪੜ੍ਹਦੇ ਹਾਂ; ਪਰ ਗੁਰੂ ਦੇ ਉਸ ਸ਼ਬਦ 'ਤੇ ਵਿਚਾਰ ਨਹੀਂ ਕਰਦੇ ਭਾਵ ਸਾਰੀ ਖੇਤੀ ਆਸਟ੍ਰੇਲੀਆ ਵਿਚ ਡਰਿੱਪ ਸਿਸਟਮ ਜਾਂ ਸਪਰਿੰਕਲ ਸਿਸਟਮ ਰਾਹੀਂ ਕੀਤੀ ਜਾਂਦੀ ਹੈ। Flood Irrigation ਦੀ ਇਜਾਜ਼ਤ ਨਹੀਂ; ਕਿਉਂਕਿ ਪਾਣੀ, ਹਵਾ ਅਤੇ ਧਰਤੀ ਪਵਿੱਤਰ ਹਨ, ਜਿਨ੍ਹਾਂ ਬਾਰੇ ਸਾਨੂੰ ਹਾਲੇ ਵੀ ਸਮਝ ਨਹੀਂ ਲੱਗੀ।

ਸਾਡੇ ਗਰੁੱਪ ਦੀ ਅਗਵਾਈ ਪ੍ਰੋ. ਕੰਵਲਜੀਤ ਕੌਰ ਸੰਘਾ ਨੇ ਕੀਤੀ, ਜੋ ਧੂਰੀ ਦੇ ਨੇੜੇ ਰਹਿਣ ਵਾਲੇ ਹਨ। ਹੁਣ ਚਾਰਲਸ ਯੂਨੀਵਰਸਿਟੀ ਵਿੱਚ ਰਿਸਰਚ ਫੈਲੋ ਹਨ। ਉਸ ਭੈਣ ਵੱਲੋਂ ਬਹੁਤ ਸਮਾਂ ਡਰਾਈਵਿੰਗ ਵੀ ਆਪ ਕੀਤੀ ਜਾਂਦੀ ਸੀ। ਸਵੇਰ ਦਾ ਨਾਸ਼ਤਾ ਅਤੇ ਰਾਤ ਦੇ ਖਾਣੇ ਦਾ ਪ੍ਰਬੰਧ ਵੀ ਕੀਤਾ ਜਾਂਦਾ ਸੀ; ਪੀ.ਐਚ.ਡੀ. ਉਹਨਾਂ ਨੇ ਆਸਟ੍ਰੇਲੀਆ ਤੋਂ ਕੀਤੀ ਹੋਈ ਹੈ ਅਤੇ ਉਹ ਚਾਰਲਸ ਡਾਰਵਿਨ ਯੂਨੀਵਰਸਿਟੀ ਵਿੱਚ ਇਕ ਡਿਪਾਰਟਮੈਂਟ ਦੇ ਹੈੱਡ ਵੀ ਹਨ।

## ਸਾਡਾ ਆਸਟ੍ਰੇਲੀਆ ਦੇ ਵੱਖ-ਵੱਖ ਫਾਰਮਾਂ 'ਤੇ ਦੌਰਾ

1. ਮਿਤੀ 23-09-2022 ਤੋਂ ਚਾਰਲਸ ਡਾਰਵਿਨ ਯੂਨੀਵਰਸਿਟੀ, ਆਸਟ੍ਰੇਲੀਆ ਖੇਤੀ ਸੰਬੰਧੀ ਰੱਖੇ ਗਏ ਪ੍ਰੋਗਰਾਮ ਅਤੇ ਫਾਰਮ ਨਿਰੀਖਣ
2. ਆਸਟ੍ਰੇਲੀਆ ਦੀ ਜਨ-ਸੰਖਿਆ 2 ਕਰੋੜ 40 ਲੱਖ ਦੇ ਕਰੀਬ; ਧਰਤੀ ਸਾਡੇ ਭਾਰਤ ਤੋਂ ਕਈ ਗੁਣਾ ਜ਼ਿਆਦਾ ਹੈ।
3. ਬਾਗ਼ਬਾਨੀ 25%, 2m
4. ਮਿਕਸ ਫਾਰਮਿੰਗ 37.6 m
5. ਸਬਜ਼ੀਆਂ ਅਤੇ ਹੋਰ ਧੰਦੇ 33.5 m
6. ਐਗਰੀਕਲਚਰ ਭੂਮੀ 1% ਹੈ ।



(ਪ੍ਰੋ. ਕੰਵਲਜੀਤ ਕੌਰ ਸੰਘਾਂ ਰਿਸਰਚ ਫੈਲੋਂ ਚਾਰਲਸ ਡਾਰਵਿਨ ਯੂਨੀਵਰਸਿਟੀ)

1. ਆਸਟ੍ਰੇਲੀਆ ਵਿੱਚ ਬਹੁਤ ਸਾਰੇ ਡੇਅਰੀ ਫਾਰਮ (ਗਾਵਾਂ ) ਦੀ ਗਿਣਤੀ 8 ਹਜ਼ਾਰ ਤੋਂ 40 ਹਜ਼ਾਰ ਤਕ ਵੀ ਹਨ। ਇਹਨਾਂ ਵਾਸਤੇ ਕੋਈ ਸ਼ੈੱਡ, ਚਾਰਾ ਵਗ਼ੈਰਾ ਦਾ ਪ੍ਰਬੰਧ ਨਹੀਂ ਹੈ। ਇਹ ਖੁੱਲ੍ਹੇ ਵਿੱਚ ਰਹਿ ਕੇ ਗੁਜ਼ਾਰਾ ਕਰਦੀਆਂ ਹਨ। ਇਹਨਾਂ ਕੋਲੋਂ ਕੋਈ ਦੁੱਧ ਨਹੀਂ ਲਿਆ ਜਾਂਦਾ। ਇਹ ਸਿਰਫ਼ ਸਲਾਟਰ ਹਾਊਸ (ਮੀਟ ਵਾਲੀਆ ਗਾਵਾਂ) ਵਿੱਚ ਹੀ ਸਮੇਂ-ਸਮੇਂ ਵਿੱਚ ਭੇਜੀਆਂ ਜਾਂਦੀਆਂ ਹਨ।ਆਸਟ੍ਰੇਲੀਆ ਵਿੱਚ ਕੁੱਲ ਏਰੀਆ ਮਾਰਕ ਕੀਤਾ ਹੋਇਆ ਹੈ ਕਿਸ ਜਗ੍ਹਾ 'ਤੇ ਕਿਸ ਤਰ੍ਹਾਂ ਦੀ ਖੇਤੀ ਹੋ ਸਕਦੀ ਹੈ।

2. ਦੁੱਧ ਵਾਸਤੇ ਗਊ ਫਾਰਮ ਵੱਖਰੇ ਹਨ, ਜਿੱਥੇ ਗਾਵਾਂ ਦਾ ਦੁੱਧ ਕੱਢਣ ਤੋਂ ਬਾਅਦ ਪ੍ਰੋਸੈਸਿੰਗ ਕੀਤੀ ਜਾਂਦੀ ਹੈ।

3. ਕੰਵਲਜੀਤ ਕੌਰ ਸੰਘਾ ਭੈਣ ਜੀ ਦਾ ਸਾਥ ਅੱਜ ਦੇ ਸੈਮੀਨਰ ਵਿੱਚ Claire Pamenter director research & innovation ਜੀ ਵੱਲੋਂ ਦਿੱਤਾ ਗਿਆ ਹੈ। ਉਹਨਾਂ ਦਾ ਸਾਥ ਪ੍ਰੋ. ਚੰਦਰ ਸ਼ੇਖਰ ਸ਼ੇਖਾਵਤ ਜੀ ਨੇ ਦਿੱਤਾ, ਜਿਨ੍ਹਾਂ ਦਾ ਪਿਛੋਕੜ ਰਾਜਸਥਾਨ ਹੈ। ਉਹ ਬਾਇਓ ਟੈਕਨੋਲੌਜੀ 'ਤੇ ਕੰਮ ਕਰ ਰਹੇ ਹਨ ਅਤੇ ਸਾਨੂੰ ਲੈਬਾਰਟਰੀਆਂ ਦਿਖਾਈਆਂ ਗਈਆਂ।





4. ਹੁਣ ਸਾਨੂੰ ਡਾਰਵਿਨ ਸਿਟੀ ਦੇ ਅੰਬਾਂ ਦੇ ਬਾਗ਼ ਦਿਖਾਏ ਗਏ, ਜਿਸ ਵਿੱਚ ਬਹੁਤ ਵਧੀਆ ਕਿਸਮਾਂ ਦੇ ਅੰਬਾਂ ਦੇ ਪੌਦੇ ਸਨ, ਜਿਨ੍ਹਾਂ ਦੀ ਚੌੜਾਈ ਉੱਤਰ-ਦੱਖਣ ਪੌਦੇ ਤੋਂ ਪੌਦਾ 30 ਫੁੱਟ ਅਤੇ ਪੂਰਬ-ਪੱਛਮ 20 ਫੁੱਟ ਸੀ।ਹਰ ਪੌਦੇ ਦੀ ਉਚਾਈ 12 ਤੋਂ 15 ਫੁੱਟ ਰੱਖੀ ਜਾਂਦੀ ਹੈ । ਹਰ ਪੌਦੇ ਦੇ ਹੇਠਾਂ ਸਪਰਿੰਕਲ ਲੱਗਾ ਹੋਇਆ ਹੈ। ਲੋੜ ਅਨੁਸਾਰ ਨਮੀ ਦਿੱਤੀ ਜਾਂਦੀ ਹੈ । ਅੰਬਾਂ ਦੀ ਕਟਾਈ ਮਸ਼ੀਨਾਂ ਨਾਲ ਕੀਤੀ ਜਾਂਦੀ ਹੈ ਅਤੇ ਫਲ ਤਿਆਰ ਹੋਣ 'ਤੇ ਪ੍ਰੋਸੈਸਿੰਗ ਭਾਵ ਧੁਆਈ ਤੇ ਸਫ਼ਾਈ ਅਤੇ



ਸਾਈਜ਼ ਇਹ ਸਾਰਾ ਕੰਮ ਮਸ਼ੀਨਾਂ ਰਾਹੀਂ ਕੀਤਾ ਜਾਂਦਾ ਹੈ। ਗੱਤੇ ਦੇ ਬਕਸੇ ਵਿੱਚ ਬੰਦ ਕਰਕੇ ਉਸ 'ਤੇ ਸਟਿਕਰ ਲਗਾ ਕੇ ਸਟੋਰ ਕੀਤੇ ਜਾਂਦੇ ਹਨ।

5. ਹੁਣ ਸਾਨੂੰ ਕੈਥਰੀਨ ਸਿਟੀ ਲੈ ਜਾਇਆ ਗਿਆ ਜਿੱਥੇ ਕਰੇਲਾ, ਭਿੰਡੀ, ਘੀਆ, ਪੇਠਾ, ਟਮਾਟਰ, ਸ਼ਿਮਲਾ-ਮਿਰਚ, ਮਟਰ, ਵਗ਼ੈਰਾ ਦਾ ਫਾਰਮ ਦਿਖਾਇਆ ਗਿਆ। ਇਹਨਾਂ ਸਬਜ਼ੀਆਂ ਨੂੰ ਪਾਣੀ ਡਰਿੱਪ ਰਾਹੀਂ ਦਿੱਤਾ ਜਾਂਦਾ ਹੈ।
6. ਇੱਥੇ ਨਜ਼ਦੀਕ ਵੱਡੇ ਸ਼ੈੱਡ ਹੇਠ ਕਿਸਾਨ ਹੱਟ ਹਨ ਜਿੱਥੇ ਕਿਸਾਨ ਆਪਣੀ ਸਬਜ਼ੀ ਖ਼ੁਦ ਵੇਚ ਰਹੇ ਹਨ। ਇਹ ਮੰਡੀ ਬਾਜ਼ਾਰ ਨਾਲੋਂ ਸਸਤੀ ਹੈ। ਆਸਟ੍ਰੇਲੀਆ ਵਿੱਚ ਕੁਝ ਫਾਰਮਾਂ 'ਤੇ ਕੇਲਾ ਤਿਆਰ ਕੀਤਾ ਜਾਂਦਾ ਹੈ, ਜੋ ਕਿ G.M. (Genetically Modify) ਹੈ। ਕੈਥਰੀਨ ਵਿੱਚ ਯੂਨੀਵਰਸਿਟੀ ਰਿਸਰਚ ਸੈਂਟਰ ਵੀ ਹੈ।
7. ਆਸਟ੍ਰੇਲੀਆ ਵਿੱਚ ਫਲ ਚੈਂਬਰ ਵਿੱਚ ਪਕਾਇਆ ਜਾਂਦਾ ਹੈ। ਕੈਲਸ਼ੀਅਮ ਕਾਰਬਾਈਡ ਨਹੀਂ ਲਗਾਈ ਜਾਂਦੀ।
8. ਅੰਬ ਕੋਲਡ ਸਟੋਰ ਵਿੱਚ -20 ਡਿਗਰੀ 'ਤੇ ਰੱਖਿਆ ਜਾਂਦਾ ਹੈ।

# ਪੈਥਾਲੋਜੀ ਵਿਭਾਗ

ਇੱਥੇ ਪੌਦੇ ਦੀਆਂ ਬਿਮਾਰੀਆਂ ਚੈੱਕ ਕੀਤੀਆਂ ਜਾਂਦੀਆਂ ਹਨ ਅਤੇ ਉਸਦਾ ਰਿਜਲਟ ਤੁਰੰਤ ਦਿੱਤਾ ਜਾਂਦਾ ਹੈ। ਕੀਟ ਵਿਭਾਗ ਵਿੱਚ ਦੁਸ਼ਮਣ ਅਤੇ ਮਿੱਤਰ ਕੀਟ ਚੈੱਕ ਕੀਤੇ ਜਾਂਦੇ ਹਨ।

## ਸੋਨੋ ਮੈਡਮ

ਇਹ ਪ੍ਰੋ. ਲੜਕੀ ਦਿੱਲੀ ਤੋਂ ਹੈ, ਜੋ ਕਿ ਕੀਟ ਸਪੈਸ਼ਲਿਸਟ ਹੈ।ਇੱਥੇ ਕੀੜਿਆਂ ਦਾ DNA ਅਤੇ Geens ਚੈੱਕ ਕੀਤੇ ਜਾਂਦੇ ਹਨ।

## Emergency Assembly Point

ਇਹ ਫਾਰਮ ਡਾਰਵਿਨ ਤੋਂ 25 KM ਦੂਰ ਹੈ।ਇਹ ਫਾਰਮ ਸਰਕਾਰੀ ਹੈ।ਇੱਥੇ ਜ਼ਿਮੀਦਾਰਾਂ ਨੂੰ ਬੁਲਾਇਆ ਜਾਂਦਾ ਹੈ।ਪਿਛਲੇ 30 ਸਾਲਾਂ ਤੋਂ ਹੋ ਰਹੀ ਫਾਰਮਿੰਗ ਸੰਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ। ਦੁਸ਼ਮਣ ਕੀੜੇ ਅਤੇ ਮਿੱਤਰ ਕੀੜੇ ਸੰਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ। ਫਾਰਮ 'ਤੇ ਗੱਡੀ ਧੋ ਕੇ ਗੇਟ ਦੇ ਅੰਦਰ ਲਿਜਾਈ ਜਾਂਦੀ ਹੈ। Visitor ਦੇ ਬੂਟ ਕੈਮੀਕਲ ਨਾਲ ਧੋਤੇ ਜਾਂਦੇ ਹਨ; ਤਾਂ ਕਿ ਸਾਡੇ ਰਾਹੀਂ ਜਾਂ ਗੱਡੀ ਰਾਹੀਂ ਕੋਈ ਕੀਟ ਅੰਦਰ ਜਾ ਕੇ ਨੁਕਸਾਨ ਨਾ ਕਰ ਸਕੇ।

1. ਮਿਤੀ 24-09-2022 ਸਵੇਰੇ ਨਾਸ਼ਤਾ ਕਰਨ ਤੋਂ ਪਿੱਛੋਂ ਗੱਡੀ ਰਾਹੀਂ ਜਿਸ ਨੂੰ ਭੈਣ ਕੰਵਲਜੀਤ ਕੌਰ ਸੰਘਾ ਜੀ ਆਪ ਚਲਾ ਰਹੇ ਸਨ ਕਿਸਾਨ ਮੰਡੀ ਵਿੱਚ ਗਏ।ਇੱਥੇ ਦਸਤਕਾਰੀ ਚੀਜ਼ਾਂ ਦਾ ਸਟਾਲ ਲੱਗਾ ਹੋਇਆ ਸੀ ।

2. ਸਬਜ਼ੀਆਂ, ਜੂਸ, ਕੌਫ਼ੀ ਦੇ ਸਟਾਲ ਲੱਗੇ ਹੋਏ ਸਨ ਅਤੇ ਨਾਲ ਕੱਪੜੇ ਦੇ ਵੀ ਸਟਾਲ ਲੱਗੇ ਹੋਏ ਸਨ, ਜੋ ਕਿਸਾਨ ਖ਼ੁਦ ਵੇਚ ਰਹੇ ਸਨ।ਇਹ ਮੰਡੀ ਹਰ ਸ਼ਨੀਵਾਰ ਲੱਗਦੀ ਹੈ। ਇਸ ਮੰਡੀ ਵਿੱਚ ਤਰਬੂਜ਼, ਸੰਤਰਾ, ਬੈਂਗਣ ਕਿਸਾਨ ਖ਼ੁਦ ਵੇਚ ਰਹੇ ਸਨ।

3. ਇੱਥੇ ਬਲੋਈ ਨਾਮ ਦਾ ਕਿਸਾਨ ਸਾਡਾ ਸਾਥ ਦੇ ਰਿਹਾ ਸੀ।



(ਕਿਸਾਨ ਹੱਟ ਆਸਟ੍ਰੇਲੀਆ ਵਿਖੇ)

## ਅਫ਼ਸੋਸ ਕਿ ਭਾਰਤ ਹੀ ਨਹੀਂ ਆਸਟ੍ਰੇਲੀਆ ਵਿੱਚ ਵੀ ਕਿਸਾਨ ਦੇ ਕੱਪੜੇ ਫਟੇ ਹੋਏ ਸਨ।

4. ਹੁਣ ਅਸੀਂ ਗੋਲੋਹੀ ਗੌਰੇ ਕਿਸਾਨ ਦੇ ਫਾਰਮ ਵਿੱਚ ਪਹੁੰਚ ਗਏ। ਇਹ ਫਾਰਮ 80 ਏਕੜ ਵਿੱਚ ਹੈ। ਇੱਥੇ ਇਹ ਕਿਸਾਨ ਇਕੱਲਾ ਰਹਿੰਦਾ ਹੈ। ਇਸ ਦੇ ਅੱਗੇ ਪਿੱਛੇ ਕੋਈ ਨਹੀਂ ਹੈ। ਉਮਰ 70 ਸਾਲ ਦੇ ਕਰੀਬ ਹੈ। ਇਸ ਵਿੱਚ ਜੈਵਿਕ (Organic) ਖੇਤੀ ਕੀਤੀ ਜਾਂਦੀ ਹੈ।

5. ਇਸ ਫਾਰਮ ਵਿੱਚ ਮੱਛੀ ਦੀ ਵੇਸਟ ਦੁਆਰਾ ਖਾਦ ਤਿਆਰ ਕੀਤੀ ਜਾਂਦੀ ਹੈ। ਇੱਥੇ ਦੁਸ਼ਮਣ ਕੀੜਿਆਂ ਦਾ ਮੁਕਾਬਲਾ ਮਿੱਤਰ ਕੀੜੇ ਹੀ ਕਰਦੇ ਹਨ, ਕੋਈ ਵੀ ਛਿੜਕਾ ਨਹੀਂ ਕੀਤਾ ਜਾਂਦਾ।

6. ਡੀਜ਼ਲ ਕਿਸਾਨਾਂ ਨੂੰ ਸਸਤੇ ਰੇਟ ਮਿਲਦਾ ਹੈ। ਇਸ ਫਾਰਮ ਵਿੱਚ ਸਬਜ਼ੀਆਂ ਭਿੰਡੀ, ਸ਼ਿਮਲਾ ਮਿਰਚ, ਟਮਾਟਰ ਅਤੇ ਹੋਰ ਸਬਜ਼ੀਆਂ ਵੇਖਣ ਨੂੰ ਮਿਲੀਆਂ।

## ਮਿਤੀ 25–09–2022

ਸ਼ਾਮ ਵੇਲੇ ਅਸੀਂ ਬਰੈਸੀਲਨ ਏਅਰਪੋਰਟ ਤੋਂ 2 ਘੰਟੇ ਦੀ ਫਲਾਈਟ ਲੈ ਕੇ ਪ੍ਰੋ. ਭੈਣ ਕੰਵਲਜੀਤ ਕੌਰ ਨਾਲ ਕੇਨ ਸਿਟੀ ਵੱਲ ਚੱਲ ਪਏ। ਏਅਰਪੋਰਟ ਤੋਂ ਅਸੀਂ ਮਾਰੀਬਾ ਲਈ ਪਹੁੰਚ ਜਾਵਾਂਗੇ, ਜੋ 140 ਕਿ.ਮੀ. ਦੂਰ ਹੈ। ਡਾਰਵਿਨ ਯੂਨੀਵਰਸਿਟੀ ਦੀ ਗੱਡੀ ਖੜ੍ਹੀ ਹੈ, ਜਿਸ ਨੂੰ ਭੈਣ ਪ੍ਰੋ. ਕੰਵਲਜੀਤ ਕੌਰ ਖ਼ੁਦ ਚਲਾ ਰਹੇ ਸਨ ।ਇੱਥੇ ਸਾਨੂੰ ਇਕ ਹੋਟਲ ਵਿੱਚ ਠਹਿਰਾਇਆ ਗਿਆ ।

## ਮਿਤੀ 26–09–2022

ਅੱਜ ਅਸੀਂ ਮਾਰੀਬਾ ਦੇ ਫਾਰਮ ਦੇਖਣ ਵਾਸਤੇ ਭੈਣ ਪ੍ਰੋ. ਕੰਵਲਜੀਤ ਕੌਰ ਨਾਲ ਚੱਲ ਪਏ ।

1. ਫਾਰਮ ਵਿੱਚ ਗੇਟ 'ਤੇ ਗੱਡੀ ਧੋ ਕੇ (ਸਾਫ਼ ਕਰਕੇ) ਅਤੇ ਸਾਡੇ ਬੂਟ ਧੋਣ ਤੋਂ ਬਾਅਦ ਫਾਰਮ ਵਿੱਚ ਜਾਣ ਦਿੱਤਾ ।
2. ਇੱਥੇ ਪੌਦਿਆਂ ਦੀਆਂ ਨਰਸਰੀਆਂ ਦੇ ਪਲਾਂਟ ਹਨ ।
3. ਸਕੂਲੀ ਬੱਚਿਆਂ ਨੂੰ ਇੱਥੇ ਸਿਖਲਾਈ ਵੀ ਦਿੱਤੀ ਜਾਂਦੀ ਹੈ ।
4. ਅੰਬਾਂ ਦੇ ਹਜ਼ਾਰਾਂ ਏਕੜ ਬਾਗ਼ ਹਨ , ਜਿਸ ਦੀ ਫੋਟੋ ਆਪ ਜੀ ਨੂੰ ਪੇਸ਼ ਕਰ ਰਹੇ ਹਾਂ ।







5. ਇਹ ਸਾਰੇ ਬਲਾਕ ਜਿਸ ਵਿੱਚ ਪਨੀਰੀਆਂ ਤਿਆਰ ਕੀਤੀਆਂ ਜਾਂਦੀਆਂ ਹਨ, ਸਾਨੂੰ ਦਿਖਾਏ ਗਏ ।

6. ਇਸ ਫਾਰਮ ਦਾ ਨਾਮ ਸ਼ਕੇਬੁਰੇ ਢਓਰਮ ਹੈ । ਇਹ ਫਾਰਮ 400 ਹੈਕਟਰ (1000 ਏਕੜ) ਹੈ ।ਇੱਥੇ ਪਪੀਤਾ, ਇਲਾਚੀ, ਕੌਫ਼ੀ, ਅੰਬ, ਐਵੀਕਾਡੋ ਫਰੂਟ ਦੇ ਪੌਦੇ ਹਨ । ਇਸ ਫਾਰਮ ਵਿੱਚ 70 ਲੋਕ ਕੰਮ ਕਰਦੇ ਹਨ । ਇਕ ਗੋਰਾ ਜਿਸ ਦੀ ਉਮਰ 75 ਸਾਲ ਦੇ ਕਰੀਬ ਹੈ । ਉਹ ਕੈਂਸਰ ਦਾ ਮਰੀਜ਼ ਹੈ ਅਤੇ ਉਹ 55 ਤੋਂ 60 ਸਾਲ ਦੀ ਉਮਰ ਵਿੱਚ ਫਰੈਂਡ ਨਾਲ ਰਹਿੰਦਾ ਹੈ । ਇਹ ਦੋਵੇਂ ਫਾਰਮ 'ਤੇ ਕੰਮ ਕਰਨ ਵਾਲੇ 70 ਵਰਕਰਾਂ ਦੀ ਅਗਵਾਈ ਕਰਦੇ ਹਨ ।



7. ਇਹ ਬਾਊ ਜੀ ਪਿੰਗਲਵਾੜਾ ਔਰਗੈਨਿਕ ਫਾਰਮ ਦਾ ਦੌਰਾ ਕਰ ਚੁੱਕੇ ਹਨ ।

8. ਇੱਥੇ ਪ੍ਰੋਸੈਸਿੰਗ ਇਕਾਈਆਂ (ਯੂਨਿਟ) ਲੱਗੀਆਂ ਹੋਈਆਂ ਹਨ । ਪਪੀਤਾ, ਅੰਬ ਦੀ ਪ੍ਰੋਸੈਸਿੰਗ ਕੀਤੀ ਜਾਂਦੀ ਹੈ। ਉਹਨਾਂ ਦੀ ਕੁਆਲਟੀ ਅਤੇ ਸਾਈਜ਼ ਅਨੁਸਾਰ ਪੇਟੀ ਬੰਦ ਕੀਤੀ ਜਾਂਦੀ ਹੈ। ਬਹੁਤ ਸਾਰੀ ਮਸ਼ੀਨਰੀ, ਕਈ ਟਰੈਕਟਰ, ਵੱਡੇ ਸਪਰੇਅ ਪੰਪ, ਪ੍ਰੋਸੈਸਿੰਗ ਇਕਾਈ ਦੇ (ਯੂਨਿਟ) ਵਰਕਰਾਂ ਦੇ ਰੈੱਸਟ ਰੂਮ ਬਣੇ ਹੋਏ ਹਨ ਅਤੇ ਦੋ ਕੁੱਤੇ ਵੀ ਰੱਖੇ ਹੋਏ ਹਨ ।

## Mereeba - Pinnacle - Dimbulah Mangoes Farm (BLS)

ਇਹ ਫਾਰਮ ਪਿਛਲੇ 30 ਸਾਲ ਤੋਂ ਚੱਲ ਰਿਹਾ ਹੈ। ਇਹ ਰਿਸ਼ਤੇਦਾਰਾਂ ਦਾ ਸਾਂਝਾ ਫਾਰਮ ਹੈ। ਦੋ ਸਾਲੇ ਤੇ ਇਕ ਜੀਜਾ, ਸਾਰੇ ਪਰਿਵਾਰ ਦੇ ਮੈਂਬਰ ਕੰਮ ਕਰ ਰਹੇ ਹਨ। ਹਜ਼ਾਰਾਂ ਏਕੜ ਵਿੱਚ ਇਹ ਫਾਰਮ ਮੌਜੂਦ ਹੈ । ਇੱਥੇ ਤਿੰਨ ਵਰੈਟੀਆਂ ਦੇ ਅੰਬ ਅਤੇ ਨਿੰਬੂ ਦੇ ਬਾਗ਼ ਹਨ। ਸਪਰਿੰਕਲ ਅਤੇ ਡਰਿੱਪ ਸਿਸਟਮ ਸੈਟੇਲਾਈਟ ਨਾਲ ਅਟੈਚ ਹੈ । ਕਮਰੇ ਵਿੱਚ ਬੈਠ ਕੇ ਹੀ ਪੌਦਿਆਂ, ਫਰੂਟ ਅਤੇ ਉਹਨਾਂ ਦੀਆਂ ਬੀਮਾਰੀਆਂ ਦਾ ਪਤਾ ਕੀਤਾ ਜਾਂਦਾ ਹੈ ਅਤੇ ਲੋੜ ਅਨੁਸਾਰ ਸਪਰਿੰਕਲ ਅਤੇ ਡਰਿੱਪ ਸਿਸਟਮ ਚਲਾਇਆ ਜਾਂਦਾ ਹੈ । ਸਮੇਂ-ਸਮੇਂ 'ਤੇ ਅਧਿਕਾਰੀ ਵੀ ਚੱਕਰ ਲਗਾਉਂਦੇ ਰਹਿੰਦੇ ਹਨ ।



1. ਪਿਛਲੇ 10 ਸਾਲ ਤੋਂ ਇਹ ਫਾਰਮ ਫਲਾਂ ਦੀਆਂ ਕਿਸਮਾਂ ਵੱਲ ਖ਼ਾਸ ਧਿਆਨ ਦੇ ਰਿਹਾ ਹੈ । ਪਾਣੀ ਸਰਕਾਰ ਕੋਲੋਂ ਮੁੱਲ ਲਿਆ ਜਾਂਦਾ ਹੈ ਅਤੇ ਐਡਵਾਂਸ ਪੈਸੇ ਦਿੱਤੇ ਜਾਂਦੇ ਹਨ। ਬਚੇ ਹੋਏ ਪੈਸੇ ਸਰਕਾਰ ਵੱਲ ਜਮ੍ਹਾਂ ਰਹਿੰਦੇ ਹਨ ।

2. ਹੁਣ ਅਸੀਂ ਅਗਲੇ ਫਾਰਮ ਵਿੱਚ ਪਹੁੰਚ ਗਏ, ਜਿੱਥੇ ਨਿੰਬੂ ਜ਼ਿਆਦਾ ਲੱਗੇ ਹੋਏ ਹਨ ।





## ਦੌਰਾ ਅਗਲਾ ਫਾਰਮ (ਫਾਰਮ ਵਾਲਸ ਮਾਰੀਬਾ)

ਇਹ ਫਾਰਮ ਕਈ ਸੌ ਏਕੜ ਵਿੱਚ ਹੈ, ਜਿਸ ਵਿੱਚ ਕਰੀਬ 1.5 ਲੱਖ ਕੌਫ਼ੀ ਦੇ ਪੌਦੇ ਲੱਗੇ ਹੋਏ ਹਨ ।

1. ਇਸ ਫਾਰਮ ਵਿੱਚ 20 ਫੁੱਟ ਉੱਚੇ ਦੂਰ-ਦੂਰ 'ਤੇ ਹਵਾ ਵਾਲੇ ਪੱਖੇ ਲੱਗੇ ਹੋਏ ਹਨ, ਜੋ ਸਰਦੀ ਅਤੇ ਕੋਰਾ ਪੈਣ 'ਤੇ ਚਲਾਏ ਜਾਂਦੇ ਹਨ । ਪੌਦਿਆਂ ਨੂੰ ਠੀਕ ਤਾਪਮਾਨ ਦੇਣ ਵਾਸਤੇ ਇਹ ਪ੍ਰਬੰਧ ਹੈ।
2. ਕੌਫ਼ੀ ਦੇ ਪੌਦਿਆਂ ਦੀ ਮਦਦ ਵਾਸਤੇ ਉਹਦੇ ਵਿੱਚ ਪਪੀਤੇ ਦੇ ਪੌਦੇ ਲਾਏ ਹੋਏ ਹਨ ।
3. ਨਜ਼ਦੀਕ ਹੀ ਬਹੁਤ ਸਾਰੇ ਖੇਤਾਂ ਵਿੱਚ ਪਾਈਨ ਐਪਲ ਦੇ ਪੌਦੇ ਲੱਗੇ ਹੋਏ ਹਨ ।

## ਮਗਾਲੀ ਫਾਰਮ (Magali Farm) (ਮਿਤੀ 27-09-2022, ਫਾਰਮ 600 ਏਕੜ)

1. ਇਹ ਫਾਰਮ ਸਾਰੇ ਦਾ ਸਾਰਾ ਔਰਗੈਨਿਕ ਹੈ ।
2. ਕੁਦਰਤੀ ਸਿਸਟਮ ਵੱਲ ਹੀ ਧਿਆਨ ਦਿੱਤਾ ਜਾਂਦਾ ਹੈ । ਬਾਇਓਮਾਸ (ਫ਼ਸਲੀ ਰਹਿੰਦ-ਖੂੰਹਦ) ਵੱਲ ਖ਼ਾਸ ਧਿਆਨ ਦਿੱਤਾ ਜਾਂਦਾ ਹੈ।
3. ਇਸ ਫਾਰਮ ਵਿੱਚ ਹਜ਼ਾਰਾਂ ਗਾਵਾਂ ਹਨ, ਜਿਨ੍ਹਾਂ ਨੂੰ 12 ਮਹੀਨੇ ਚਾਰਾ ਕੱਟ ਕੇ ਨਹੀਂ ਪਾਇਆ ਜਾਂਦਾ ਅਤੇ ਨਾ ਹੀ ਇਹਨਾਂ ਵਾਸਤੇ ਕੋਈ ਸ਼ੈੱਡ ਹੈ। ਇਹ ਗਾਵਾਂ ਖੁੱਲ੍ਹੇ ਵਿੱਚ ਰਹਿੰਦੀਆਂ ਹਨ। ਇਹ ਗਾਵਾਂ ਕੇਵਲ ਕੱਟਣ ਵਾਸਤੇ ਕਤਲਗਾਹ (ਸਲਾਟਰ ਹਾਊਸ) ਵਿੱਚ ਹੀ ਭੇਜੀਆਂ ਜਾਂਦੀਆਂ ਹਨ।
4. ਦੁੱਧ ਵਾਲੀਆਂ ਗਾਵਾਂ ਅਲੱਗ ਹਨ। ਮਸ਼ੀਨਾਂ ਨਾਲ 50 ਗਾਵਾਂ ਦਾ ਦੁੱਧ ਕੁਝ ਮਿੰਟਾਂ ਵਿੱਚ ਕੱਢਿਆ ਜਾਂਦਾ ਹੈ। ਉਸ ਤੋਂ ਬਾਅਦ ਗਾਵਾਂ ਦਾ ਦੂਜਾ ਗਰੁੱਪ ਤਿਆਰ ਖੜ੍ਹਾ ਹੈ।



## IMPORTANT

5. ਗਾਵਾਂ ਦੇ ਬੱਚੇ ਨੂੰ ਕੇਵਲ ਦੋ ਦਿਨ ਹੀ ਮਾਂ ਦਾ ਦੁੱਧ ਪਿਆਇਆ ਜਾਂਦਾ ਹੈ ਅਤੇ ਮਾਂ ਨਾਲੋਂ ਅਲੱਗ ਕਰ ਦਿੱਤਾ ਜਾਂਦਾ ਹੈ । ਗਊ ਬੱਚਿਆਂ ਨੂੰ 6 ਮਹੀਨੇ ਦੀ ਉਮਰ ਤਕ ਡਰੰਮ ਰਾਹੀਂ ਦੁੱਧ ਪਿਆਇਆ ਜਾਂਦਾ ਹੈ ਅਤੇ ਡੇਢ ਸਾਲ ਦੀ ਉਮਰ ਤੋਂ ਦੂਜੀਆਂ ਗਾਵਾਂ ਵਿੱਚ ਛੱਡ ਦਿੱਤਾ ਜਾਂਦਾ ਹੈ ।
6. 75 ਡਿਗਰੀ ਤਕ ਦੁੱਧ ਨੂੰ 15 ਸੈਕਿੰਡ ਤਕ ਗਰਮ ਕੀਤਾ ਜਾਂਦਾ ਹੈ । ਇਕ ਹੋਲ ਵਿੱਚ 50 ਹਜ਼ਾਰ ਲਿਟਰ ਦੁੱਧ ਗਰਮ ਕੀਤਾ ਜਾਂਦਾ ਹੈ ।
7. ਦਹੀਂ ਵਾਸਤੇ ਦੁੱਧ 96 ਡਿਗਰੀ ਤਕ ਸਿਰਫ਼ 30 ਸੈਕਿੰਡ ਤਕ ਹੀ ਗਰਮ ਕੀਤਾ ਜਾਂਦਾ ਹੈ ।
8. ਇੱਥੇ ਬਿਜਲੀ ਸੋਲਰ ਸਿਸਟਮ ਰਾਹੀਂ ਹੀ ਤਿਆਰ ਕੀਤੀ ਜਾਂਦੀ ਹੈ ।
9. ਇਸ ਫਾਰਮ 'ਤੇ ਤਕਰੀਬਨ 95 ਲੋਕ ਕੰਮ ਕਰਦੇ ਹਨ, ਜਿਨ੍ਹਾਂ ਨੂੰ ਮਜ਼ਦੂਰੀ 30 ਡਾਲਰ ਪ੍ਰਤੀ ਘੰਟਾ ਦਿੱਤੀ ਜਾਂਦੀ ਹੈ ।
10. ਹਰ ਗਾਂ ਦੇ ਗਲੇ ਵਿੱਚ ਇਕ ਕਾਲਰ ਪਾਇਆ ਜਾਂਦਾ ਹੈ, ਜੋ ਸਮੇਂ-ਸਮੇਂ 'ਤੇ ਬਿਮਾਰੀ ਬਾਰੇ ਦੱਸਦਾ ਹੈ, ਜਿਸ ਦੀ ਕੀਮਤ 200 ਡਾਲਰ ਹੈ।
11. ਗਾਂ ਦੇ ਦੁੱਧ ਦਾ ਇਸ ਕਾਲਰ ਰਾਹੀਂ ਪਤਾ ਲੱਗ ਜਾਂਦਾ ਹੈ ।
12. ਇਕ ਗਾਂ ਨੂੰ 6 ਕਿੱਲੋ ਦਾਣਾ ਰੋਜ਼ ਦਿੱਤਾ ਜਾਂਦਾ ਹੈ ।
13. ਗਊ ਦਾ ਗਰਭ (ਪ੍ਰੈਗਨੰਸੀ) ਦਾ ਟੈਸਟ ਇਸ ਕਾਲਰ ਰਾਹੀਂ ਹੋ ਜਾਂਦਾ ਹੈ ।
14. 260 ਗਾਵਾਂ ਪਿੱਛੇ ਤਿੰਨ ਵਰਕਰ ਕੰਮ ਕਰਦੇ ਹਨ ।



## ਮਿਤੀ 27-09-2022 ਨੂੰ ਦੁਪਹਿਰ ਦਾ ਖਾਣਾ ਮਗਾਲੀ ਫਾਰਮ ਵਿਖੇ ਖਾਧਾ ਗਿਆ ।

1. ਇੱਥੇ ਫਾਰਮ ਵਿਖੇ ਕੌਫ਼ੀ ਦੇ ਬਾਗ਼ ਅਤੇ ਬਾਓਡਾਇਨਮੀਕ ਡੇਅਰੀ ਫਾਰਮ ਵਿਖੇ ਦੌਰਾ ਕੀਤਾ ।

2. ਸਿਰਫ਼ ਇੱਥੇ ਦੋ ਤਰ੍ਹਾਂ ਦੀਆਂ ਗਾਵਾਂ ਹਨ, ਕੁਝ ਦੁੱਧ ਵਾਸਤੇ ਹਨ ਅਤੇ ਕੁਝ ਮੀਟ ਵਾਸਤੇ ਹਨ ।

3. ਸ਼ਾਮ ਨੂੰ ਸਨਸ਼ਾਈਨ ਹੋਟਲ ਵਿਖੇ ਰਾਤ ਵਾਸਤੇ ਠਹਿਰਾਇਆ ਗਿਆ ।



## ਮਿਤੀ 28-09-2022

1. ਮਿਤੀ 28-09-2022 ਨੂੰ **Cains City** ਤੋਂ ਸਵੇਰੇ 6 ਵਜੇ ਡਾਰਵਿਨ ਵਾਸਤੇ ਫਲਾਈਟ ਲਈ ਅਤੇ ਕੈਥਰੀਨ ਸਿਟੀ ਦੇ ਖੇਤੀ ਫਾਰਮਾਂ ਵੱਲ ਚਲ ਪਏ । ਇਹ ਸਫ਼ਰ 300 ਕਿ.ਮੀ. ਦਾ ਸੀ । ਸੜਕਾਂ ਚਾਰ ਲਾਈਨਾਂ ਅਤੇ ਛੇ ਲਾਈਨਾਂ ਵਾਲੀਆਂ ਸਨ।ਅਸੀਂ ਡਾਰਵਿਨ ਯੂਨੀਵਰਸਿਟੀ ਦੀ ਬੱਸ 'ਤੇ ਅੱਗ ਨਾਲ ਸੜੇ ਹੋਏ ਜੰਗਲ ਦੇਖਦੇ ਜਾ ਰਹੇ ਸਾਂ, ਕਿਉਂਕਿ ਏਨੇ ਵੱਡੇ ਏਰੀਏ ਵਿੱਚ ਘਾਹ ਨੂੰ ਕੱਟਿਆ ਨਹੀਂ ਜਾ ਸਕਦਾ । ਇਸ ਕਰਕੇ ਇਹ ਘਾਹ ਨੂੰ ਅੱਗ ਰਾਹੀਂ ਹੀ ਜਲਾਇਆ ਜਾਂਦਾ ਹੈ ।

1. ਇੱਥੇ ਝੋਨਾ (ਚਾਵਲ) ਵੀ ਕੁਝ ਜਗ੍ਹਾ ਵਿੱਚ ਹੁੰਦੇ ਹਨ ।
2. ਡੀਜ਼ਲ, ਪੈਟਰੋਲ ਜ਼ਿਮੀਦਾਰ ਨੂੰ ਸਸਤਾ ਦਿੱਤਾ ਜਾਂਦਾ ਹੈ ।
3. ਇੱਥੇ ਖੇਤੀ ਫਾਰਮ ਬਹੁਤ ਵੱਡੇ ਹਨ ।
4. ਸਿਓਂਕ ਦੀਆਂ ਵਰਮੀਆਂ 10 ਤੋਂ 12 ਫੁੱਟ ਉੱਚੀਆਂ ਹਨ ਜੋ ਜਗ੍ਹਾ-ਜਗ੍ਹਾ ਜੰਗਲਾਂ ਵਿੱਚ ਨਜ਼ਰ ਆ ਰਹੀਆਂ ਹਨ ।



5. ਅਸੀਂ ਸਫ਼ੈਦੇ ਦੇ ਜੰਗਲ ਵਿੱਚ ਦੀ ਜਾ ਰਹੇ ਸਾਂ।ਮੈਂ ਡਾ. ਕੰਵਲਜੀਤ ਨੂੰ ਬੇਨਤੀ ਕੀਤੀ ਕਿ ਤੁਸੀਂ ਇਕ ਮਿੰਟ ਗੱਡੀ ਰੋਕੋ। ਮੈਂ ਆਪਣੇ ਸਾਥੀ ਮਨਪ੍ਰੀਤ ਗਰੇਵਾਲ ਨੂੰ ਬੇਨਤੀ ਕੀਤੀ ਕਿ ਸਾਹਮਣੇ ਸਿਓਂਕ ਦੀਆਂ ਵਰਮੀਆਂ (ਸਿਓਂਕ ਦਾ ਘਰ) ਨਜ਼ਰ ਆ ਰਹੀਆਂ ਹਨ, ਜਿਸ ਦੀ ਉਚਾਈ ਤੁਸੀਂ ਫੋਟੋ ਵਿੱਚ ਮੇਰੇ ਨਾਲ ਦੇਖ ਰਹੇ ਹੋ। ਆਪ ਦੀ ਜਾਣਕਾਰੀ ਲਈ ਹਰ ਸਿਓਂਕ ਦੇ ਘਰ ਵਿੱਚ ਇਕ ਰਾਣੀ ਹੁੰਦੀ ਹੈ, ਜੋ 24 ਘੰਟੇ ਵਿੱਚ 1-1.5 ਲੱਖ ਅੰਡੇ ਦਿੰਦੀ ਹੈ।ਇਸ ਦਾ ਘਰ A.C. ਹੁੰਦਾ ਹੈ। ਬਰਸਾਤ ਦੇ ਦਿਨਾਂ ਵਿੱਚ ਜਦ ਉੱਪਰੋਂ ਪਾਣੀ ਡਿੱਗਦਾ ਹੈ ਤਾਂ ਇਸ ਦੇ ਜੀਅ ਦੂਰ-ਦੂਰ ਤਕ ਉੱਡ ਜਾਂਦੇ ਹਨ।ਸਿਓਂਕ ਕਿਸਾਨ ਦੀ ਮਿੱਤਰ ਹੈ, ਕਿਉਂਕਿ ਇਸ ਦੀ ਖ਼ੁਰਾਕ ਸੁੱਕਾ ਹੋਇਆ ਘਾਹ-ਫੂਸ ਹੈ; ਭਾਵ ਸਟਰਾਅ ਕਿਸੇ ਵੀ ਫ਼ਸਲ ਦਾ ਹੋਵੇ ਉਹ ਇਸਦੀ ਖ਼ੁਰਾਕ ਹੈ। ਹਰੀ ਫ਼ਸਲ ਇਹ ਤਦ ਖਾਂਦੀ ਹੈ ਜਦੋਂ ਸੁੱਕਾ ਘਾਹ ਫੂਸ ਜਾਂ ਲੱਕੜ (ਸਟਰਾਅ) ਨਹੀਂ ਮਿਲਦਾ ਹੈ।



(ਸਿਓਂਕ ਦੀਆਂ ਵਰਮੀਆਂ)

## ਮਿਤੀ 29-09-2022 ਕੈਥਰੀਨ ਸ਼ਹਿਰ

1. ਹੁਣ ਅਸੀਂ ਡਾਰਵਿਨ ਤੋਂ 100 ਕਿ.ਮੀ. ਦੀ ਦੂਰੀ 'ਤੇ ਹਾਂ । ਇਹ ਖੇਤੀ ਫਾਰਮ 1.5 ਲੱਖ ਹੈਕਟਰ ਵਿੱਚ ਹੈ । ਇੱਥੇ ਗਾਵਾਂ ਦੇ ਬਹੁਤ ਵੱਡੇ ਫਾਰਮ ਹਨ ।
2. ਦੁੱਧ ਦੇਣ ਵਾਲੀਆਂ ਗਾਵਾਂ ਦੇ ਸ਼ੈੱਡ ਅਲੱਗ ਹਨ, ਜਰਸੀ ਅਤੇ H.F. ਨਸਲ ਦੀਆਂ ਗਾਵਾਂ ਹਨ ।
3. ਇੱਥੇ ਝੋਨਾ ਸ਼ੈਲਿੰਗ ਕਰਨ ਦਾ ਪ੍ਰੋਜੈਕਟ ਲੱਗਾ ਹੋਇਆ ਹੈ ।
4. ਇੱਥੇ ਨਜ਼ਦੀਕ ਇਕ ਝੀਲ ਹੈ, ਜਿਸ ਵਿੱਚ ਅਲੱਗ-ਅਲੱਗ ਤਰ੍ਹਾਂ ਦੇ ਪੰਛੀ ਹਨ ।
5. ਹੁਣ ਅਸੀਂ ਗਊ ਫੀਡ ਦੀ ਫੈਕਟਰੀ ਦੇਖਣ ਵਾਸਤੇ ਗਏ, ਜਿੱਥੇ ਇਕ ਵਰੈਟੀ ਦਾ ਘਾਹ ਅਤੇ ਦਾਣਾ ਮਿਲਾ ਕੇ ਫੀਡ ਤਿਆਰ ਹੋ ਰਹੀ ਸੀ ।
6. ਕਤਲਗਾਹ (ਸਲਾਟਰ ਹਾਊਸ) ਵਿੱਚ ਭੇਜਨ ਵਾਲੀਆਂ ਗਾਵਾਂ ਨੂੰ ਪ੍ਰੋਟੀਨ ਜ਼ਿਆਦਾ ਦਿੱਤਾ ਜਾਂਦਾ ਹੈ, ਤਾਂ ਜੋ ਉਹਨਾਂ ਵਿੱਚ ਮੋਟਾਪਾ ਆ ਜਾਵੇ ।



(ਗਊ ਬੱਚੇ)

## ਮਿਤੀ 29-09-2022 ਦੁਪਹਿਰ ਖਾਣਾ ਖਾਣ ਤੋਂ ਬਾਅਦ

1. ਕੈਥਰੀਨ ਬਹੁਤ ਵੱਡੇ ਅੰਬਾਂ ਦੇ ਬਾਗ਼ ਵਿੱਚ ਗਏ । ਮਾਲਕ ਬਜ਼ੁਰਗ 91 ਸਾਲ ਦਾ ਸੀ, ਜੋ ਇਕੱਲਾ ਹੀ ਰਹਿੰਦਾ ਸੀ । ਵੱਖ-ਵੱਖ ਅੰਬਾਂ ਦੀਆਂ ਕਿਸਮਾਂ ਤਿਆਰ ਕਰਕੇ ਸਰਕਾਰ ਅਤੇ ਕਿਸਾਨਾਂ ਨੂੰ ਵੇਚਦਾ ਹੈ।

2. ਕਿਸਾਨ ਉਸਨੂੰ ਰੱਬ ਵਾਂਗ ਮੰਨਦੇ ਹਨ।ਕਈ ਏਕੜ ਫਾਰਮ ਵਿੱਚ ਅੰਬਾਂ ਦਾ ਬਾਗ਼ ਹੈ।91ਸਾਲ ਦਾ ਬਜ਼ੁਰਗ ਸਾਡੇ ਨਾਲ ਘੁੰਮ ਰਿਹਾ ਹੈ ਅਤੇ ਅਸੀਂ ਕਦੀ ਉਸ ਵੱਲ ਵੇਖਦੇ ਹਾਂ ਕਦੀ ਆਪਣੇ ਵੱਲ ਦੇਖਦੇ ਹਾਂ ਅਤੇ ਪ੍ਰਮਾਤਮਾ ਦਾ ਧੰਨਵਾਦ ਕਰ ਰਹੇ ਹਾਂ; ਹੇ ਵਾਹਿਗੁਰੂ ! ਸਾਨੂੰ ਕਿਸ ਕਿਸ ਜਗ੍ਹਾ 'ਤੇ ਪਰੋਅ ਕੇ ਰੱਖਿਆ ਹੋਇਆ ਹੈ।



(ਅੰਬਾਂ ਦਾ ਬਾਗ਼)





(ਅੰਬਾਂ ਦੀਆਂ ਨਵੀਆਂ ਕਿਸਮਾਂ ਤਿਆਰ ਕਰਦੇ ਹੋਏ)

3. ਸ਼ਾਮ ਨੂੰ ਅਸੀਂ ਚਾਰਲਸ ਯੂਨਵਰਸਿਟੀ ਡਾਰਵਿਨ ਦੇ ਕੈਂਪ ਦੇ ਦਫ਼ਤਰ ਵਿੱਚ ਰਹਿਣ ਲਈ ਪਹੁੰਚ ਗਏ ।

## ਮਿਤੀ 30-09-2022 ਯੂਨੀਵਰਸਿਟੀ ਕੈਂਪਸ ਕੈਥਰੀਨ

1. ਕੈਥਰੀਨ ਵਿਖੇ ਅਸੀਂ ਰਾਤ ਨੂੰ ਠਹਿਰੇ।ਸਵੇਰੇ ਉੱਠ ਕੇ ਨਾਸ਼ਤੇ ਤੋਂ ਬਾਅਦ ਪੈਥਾਲੋਜੀ ਲੈਬ ਦੇਖਣ ਵਾਸਤੇ ਡਾ. ਕੰਵਲਜੀਤ ਕੌਰ ਸੰਘਾ ਅਤੇ ਸਾਡੀ ਸਾਰੀ ਟੀਮ ਲੈਬ ਵਿੱਚ ਪਹੁੰਚ ਗਈ । ਉੱਥੇ ਸੀਨੀਅਰ ਪ੍ਰੋਫ਼ੈਸਰ ਸਲਮਾਨ ਪੌਦਿਆਂ ਦੀਆਂ ਸ਼ੈੱਡਾਂ ਵਿੱਚ ਸਾਡੀ ਆਗਵਾਈ ਕਰ ਕਰੇ ਸਨ । ਪ੍ਰੋਫ਼ੈਸਰ ਸਲਮਾਨ ਫੈਸਲਾਬਾਦ ਪਾਕਿਸਤਾਨ ਤੋਂ ਹਨ, ਪੀ.ਐਚ.ਡੀ. ਆਸਟ੍ਰੇਲੀਆ ਤੋਂ ਕੀਤੀ ਹੋਈ ਹੈ । ਉਹਨਾਂ ਨੇ ਦੱਸਿਆ ਕਿ 1780 ਤੋਂ ਪਹਿਲਾਂ ਇੱਥੇ ਕਾਲੇ ਆਦੀਵਾਸੀ ਰਹਿੰਦੇ ਸਨ । 1780 ਤੋਂ ਬਾਅਦ ਇੰਗਲੈਂਡ ਦੇ ਗੋਰੇ ਇੱਥੇ ਆਏ ਅਤੇ ਉਹਨਾਂ ਨੇ ਆਸਟ੍ਰੇਲੀਆ ਵਿੱਚ ਨਵੇਂ ਯੁੱਗ ਅਨੁਸਾਰ ਹਰ ਖੇਤਰ ਵਿੱਚ ਕੰਮ ਸ਼ੁਰੂ ਕੀਤਾ । ਖੇਤੀਬਾੜੀ, ਮਾਈਨਿੰਗ, ਡੇਅਰੀ ਫਾਰਮਿੰਗ 'ਤੇ ਸ਼ਹਿਰੀ ਵਿਕਾਸ ਵੱਲ ਧਿਆਨ ਦਿੱਤਾ ।

2. ਪ੍ਰੋ. ਸਲਮਾਨ ਅਤੇ ਡਾ. ਕੰਵਲਜੀਤ ਕੌਰ ਸੰਘਾ ਨੇ ਸਾਨੂੰ ਪੌਦਿਆਂ ਦੀਆਂ ਵੱਖ-ਵੱਖ ਕਿਸਮਾਂ ਅਤੇ ਉਹਨਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ । ਹਰ ਸ਼ੈੱਡ ਵਿੱਚ ਬਾਹਰੋਂ ਬੂਟ ਧੋ ਕੇ ਹੀ ਅੰਦਰ ਜਾਣ ਦਿੱਤਾ ਜਾਂਦਾ ਸੀ ।

3. ਇਹ ਰਿਸਰਚ ਸਟੇਸ਼ਨ 1200 ਹੈਕਟਰ (30,000 ਏਕੜ) ਦਾ ਹੈ ।

4. ਕੈਥਰੀਨ ਫਾਰਮ ਵਿਖੇ 60% ਅੰਬਾਂ ਦੇ ਬਾਗ਼ ਹਨ, ਜੋ ਵੱਖ-ਵੱਖ ਕਿਸਮਾਂ ਦੇ ਹਨ ।

5. ਇੱਥੇ ਕੁਝ ਬਾਗ਼ ਐਵੋਕਾਡੋ ਫਰੂਟ ਦੇ ਹਨ, ਜੋ ਨੈੱਟ ਹਾਊਸ ਵਿੱਚ ਮੌਜੂਦ ਹਨ ।

6. ਐਵੋਕਾਡੋ ਨਰਸਰੀ ਸਮੇਂ ਅਨੁਸਾਰ ਖੇਤ ਵਿੱਚ ਤਬਦੀਲ ਕੀਤੀ ਜਾਂਦੀ ਹੈ । ਇਹ ਕਿਸਮ ਇਜ਼ਰਾਈਲ ਤੋਂ ਲੈ ਕੇ ਆਏ ਹਨ । ਇਹ ਕਿਸਮ 40 ਡਿਗਰੀ ਗਰਮੀ 'ਤੇ ਵੀ ਹੋ ਜਾਂਦੀ ਹੈ ।

# ਐਵੋਂਕਾਡੋ ਦੀਆਂ ਕਿਸਮਾਂ

1. ਸੈਫਟ 2. ਪਲਾਮਾ 3. JEM 4. PINKERTON

1. ਇੱਥੇ ਪਾਣੀ ਵਿੱਚ ਕੈਲਸ਼ੀਅਮ ਬਹੁਤ ਹੈ । ਪਾਣੀ ਦਾ ਟਿਊਵੈੱਲ ਬੋਰ 150 ਫੁੱਟ ਡੂੰਘਾ ਹੈ ।

## ਸਮਾਂ 12:30 ਦੁਪਹਿਰ ਮਿਤੀ 30-09-2022

1. ਹੁਣ ਅਸੀਂ ਮੂੰਗਫਲੀ ਦੇ ਬਹੁਤ ਵੱਡੇ ਫਾਰਮ ਵਿੱਚ ਪਹੁੰਚ ਗਏ । ਇੱਥੇ ਮੂੰਗਫਲੀ ਪੱਕਣ ਤਕ ਮੂੰਗਫਲੀ ਦੇ ਪੱਤੇ ਕੱਟ ਕੇ ਪਸ਼ੂਆਂ ਨੂੰ ਪਾਏ ਜਾਂਦੇ ਹਨ, ਕਿਉਂਕਿ ਉਸ ਵਿੱਚ ਪ੍ਰੋਟੀਨ ਦੀ ਮਾਤਰਾ ਜ਼ਿਆਦਾ ਹੁੰਦੀ ਹੈ ।
2. ਹਰ ਮਹੀਨੇ ਕੀੜਿਆਂ ਦੀ ਪ੍ਰਯੋਗਸ਼ਾਲਾ ਵਿੱਚ ਵੱਖ-ਵੱਖ ਕੀੜਿਆਂ ਨੂੰ ਲੈਂਜ ਰਾਹੀਂ ਚੈੱਕ ਕੀਤਾ ਜਾਂਦਾ ਹੈ, ਤਾਂ ਕਿ ਕੋਈ ਹੋਰ ਕੀਟ ਬਾਹਰੋਂ ਫਾਰਮ ਵਿੱਚ ਮਾਈਗ੍ਰੇਂਟ ਤਾਂ ਨਹੀਂ ਹੋਇਆ।

## ਸਮਾਂ 1:00 ਵਜੇ ਮਿਤੀ 30-09-2022

1. ਇਹ ਫਾਰਮ ਕਿਸੇ ਕਿਸਾਨ ਦਾ ਹੈ । ਇਹ ਫਾਰਮ 40,000 ਹੈਕਟਰ (ਇਕ ਲੱਖ ਏਕੜ) ਵਿੱਚ ਹੈ ।

2. ਇੱਥੇ ਕਿਸਾਨਾਂ ਦੇ ਪੰਜ ਹੈਲੀਕਾਪਟਰ ਵੀ ਖੜ੍ਹੇ ਹਨ । ਪਤਾ ਲੱਗਾ ਕਿ ਦੋ ਹੈਲੀਕਾਪਟਰ ਇਸ ਕਿਸਾਨ ਦੇ ਹਨ ਅਤੇ ਤਿੰਨ ਹੈਲੀਕਾਪਟਰ ਦੂਸਰੇ ਕਿਸਾਨਾਂ ਦੇ ਹਨ, ਕਿਉਂਕਿ ਇੱਥੇ ਹੈਲੀਪੈਡ ਹੈ । ਉਹ ਦੂਸਰਿਆਂ ਕੋਲੋਂ ਕਿਰਾਇਆ ਲੈਂਦਾ ਹੈ। ਇਸ ਫਾਰਮ ਦਾ ਮਾਲਕ ਵੈਟਨਰੀ ਡਾਕਟਰ ਵੀ ਹੈ ।

3. ਇਸ ਫਾਰਮ 'ਤੇ ਡਾਕਟਰ ਦਾ ਬੇਟਾ ਜੈਵਿਕ ਖੇਤੀ ਵੀ ਕਰਦਾ ਹੈ , ਜਿਸ ਦੀ ਫੋਟੋ ਨਾਲ ਪੇਸ਼ ਕਰ ਰਹੇ ਹਾਂ। ਜੈਵਿਕ ਫਾਰਮ ਦਾ ਕੰਮ ਏਨਾ ਵਧੀਆ ਨਹੀਂ, ਕਿਉਂਕਿ ਭਗਤ ਪੂਰਨ ਸਿੰਘ ਔਰਗੈਨਿਕ ਫਾਰਮ ਦਾ ਕੰਮ ਉਸ ਤੋਂ ਬਹੁਤ ਅੱਗੇ ਹੈ ।



(ਕਿਸਾਨਾਂ ਦੇ ਹੈਲੀਕਾਪਟਰ ਕਿਸਾਨ ਫਾਰਮ ਵਿਖੇ)




(ਅੰਬਾਂ ਦੀ ਪੈਕਿੰਗ)

## ਸਮਾਂ 2:00 ਵਜੇ ਮਿਤੀ 30-09-2022

ਤਾਪਮਾਨ 40 ਡਿਗਰੀ

1. ਅੰਬਾਂ ਦੇ ਬਾਗ਼ 1000 ਏਕੜ ਹਨ। ਫਲ ਲੱਗਾ ਹੋਇਆ ਹੈ। ਫਲਾਂ ਨੂੰ ਮਸ਼ੀਨਾਂ ਨਾਲ ਤੋੜਿਆ ਜਾਂਦਾ ਹੈ। ਪ੍ਰੋਸੈਸਿੰਗ ਤੋਂ ਬਾਅਦ ਡੱਬਿਆਂ ਵਿੱਚ ਬੰਦ ਕੀਤਾ ਜਾਂਦਾ ਹੈ।
2. ਫਲਾਂ ਦੀ ਕਿਸਮ ਦਾ ਨਾਮ KENZINTAN PRIDE (K-P) ਹੈ। ਇਹ 24 ਸਾਲ ਪੁਰਾਣੇ ਹਨ ।
3. ਇਸ ਫਾਰਮ ਵਿੱਚ ਸਾਨੂੰ ਘੁੰਮਦਿਆਂ ਘੁੰਮਦਿਆਂ ਬਹੁਤ ਸਮਾਂ ਲੱਗਾ । ਸ਼ੈੱਡਾਂ ਦੇ ਵਿੱਚ ਮਸ਼ੀਨਰੀ ਦੇਖੀ ਗਈ।
4. ਮਾਲਕ ਅਤੇ ਲੇਬਰ ਦੇ ਰਿਹਾਇਸ਼ ਦੇ ਕਮਰੇ ਦੇਖਣ ਗਏ।

## KING FARM



1. ਮਿਤੀ 01-10-2022 ਸਮਾਂ ਸਵੇਰੇ 9 ਵਜੇ ਅਤੇ ਇਹ ਬਾਗ਼ ਰੈੱਡ ਰਿੰਚ ਫਰੂਟ ਦੇ ਅੰਬਾਂ ਦੀ ਕਿਸਮ ਹੈ।
2. ਫਾਰਮ ਬਹੁਤ ਵੱਡਾ ਹੈ। ਇੱਥੇ 1 ਘੰਟੇ ਵਿੱਚ 6 ਟਨ ਅੰਬ ਪੈਕ ਹੁੰਦੇ ਹਨ। 80 ਆਦਮੀ ਪੈਕਿੰਗ ਵਾਲੇ ਸ਼ੈੱਡ ਵਿੱਚ ਕੰਮ ਕਰ ਰਹੇ ਹਨ। ਸਿਸਟਮ ਕੰਪਿਊਟਰਾਈਜ਼ ਹੈ। ਸਾਰਾ ਕੰਮ ਕੰਪਿਊਟਰਾਈਜ਼ ਹੁੰਦਾ ਹੈ।
3. ਅੰਬਾਂ ਦਾ ਸਾਈਜ਼ ਬਹੁਤ ਵਧੀਆ ਹੈ। ਇਕ ਆਦਮੀ ਆਨਲਾਈਨ ਸਾਰਾ ਕੰਮ ਦੇਖ ਰਿਹਾ ਹੈ।
4. ਸ਼ੈੱਡ ਦੇ ਅੰਦਰ ਦਾ ਤਾਪਮਾਨ 18 ਡਿਗਰੀ ਹੈ।

5. ਗੱਡੀਆਂ ਵਿੱਚ ਅੰਬ ਭਰੇ ਜਾ ਰਹੇ ਹਨ। ਕਈ ਜਗ੍ਹਾ 'ਤੇ 4 ਦਿਨ ਵਿੱਚ ਗੱਡੀ ਪਹੁੰਚਦੀ ਹੈ, ਜਿਵੇਂ ਕਿ ਡਾਰਵਿਨ ਤੋਂ ਮੈਲਬੌਰਨ-ਸਿਡਨੀ ਵਗ਼ੈਰਾ ।
6. ਇਹ ਕਿਸਾਨ ਬਾਹਰੋਂ ਕਿਸਾਨਾਂ ਕੋਲੋਂ ਅੰਬ ਖ਼ਰੀਦਦਾ ਹੈ। ਕੁਝ ਕਿਸਾਨ ਇੱਥੋਂ ਪੈਕਿੰਗ ਵੀ ਕਰਾਉਂਦੇ ਹਨ।
7. ਮਜ਼ਦੂਰ ਨੂੰ ਪੈਸੇ ਪ੍ਰਤੀ ਘੰਟਾ 30 ਡਾਲਰ ਦਿੱਤੇ ਜਾਂਦੇ ਹਨ।





(ਕੁਦਰਤੀ ਖੇਤੀ ਫਾਰਮ)

## ਐਤਵਾਰ ਮਿਤੀ 02-10-2022

ਇਹ ਸਾਡਾ ਰੈੱਸਟ ਦਿਨ ਸੀ । ਅਸੀਂ ਭੈਣ ਡਾ. ਕੰਵਲਜੀਤ ਕੌਰ ਸੰਘਾ ਨਾਲ ਗੁਰਦੁਆਰਾ ਸਾਹਿਬ ਮੱਥਾ ਟੇਕਣ ਗਏ ਅਤੇ ਇਸ ਤੋਂ ਬਾਅਦ ਸਮੁੰਦਰ ਦੇ ਕੰਢੇ ਬੀਚ 'ਤੇ ਗਏ ਅਤੇ ਬਹੁਤ ਸਾਰੇ ਵਿਦੇਸ਼ੀ ਲੋਕਾਂ ਨੂੰ ਮਿਲੇ।

## ਸੋਮਵਾਰ ਮਿਤੀ 03-10-2022

1. V.C. Office ਵਿੱਚ ਵੀ.ਸੀ. ਸਾਹਿਬ 9 ਵਜੇ ਪਹੁੰਚੇ ਹੋਏ ਸਨ। ਅਸੀਂ 9 ਵਜ ਕੇ 5 ਮਿੰਟ 'ਤੇ ਪਹੁੰਚੇ ਸਾਂ। ਵੀ.ਸੀ. ਸਾਹਿਬ ਨੇ ਸਾਡਾ ਸਵਾਗਤ ਕੀਤਾ।
2. ਡਾ. ਕੰਵਲਜੀਤ ਕੌਰ ਸਾਡੀ ਅਗਵਾਈ ਕਰ ਰਹੇ ਸਨ। ਵੀ.ਸੀ. ਸਾਹਿਬ ਐਸਿਸਟੈਂਟ ਡਾਇਰੈਕਟਰ ਅਤੇ ਡਾਇਰੈਕਟਰ ਰਿਸਰਚ ਐਂਡ ਈਨੋਵੇਸ਼ਨ ਮੌਜੂਦ ਸਨ। ਇਹ ਗੱਲ-ਬਾਤ 2 ਘੰਟੇ ਚੱਲੀ।
3. ਸਾਡੇ ਗਰੁੱਪ ਵੱਲੋਂ ਜਸਤੇਜ ਸਿੰਘ ਬਠਿੰਡਾ ਅਤੇ ਮਨਪ੍ਰੀਤ ਸਿੰਘ ਗਰੇਵਾਲ ਸਾਡੀਆਂ ਸਲਾਈਡਾਂ ਦਿਖਾ ਰਹੇ ਸਨ।
4. ਭੈਣ ਡਾ. ਕੰਵਲਜੀਤ ਕੌਰ ਮੁਸ਼ਕਿਲ ਲਫ਼ਜ਼ਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੇ ਰਹੇ ਸਨ।
5. ਵੀ.ਸੀ. ਸਾਹਿਬ ਨੇ ਆਪਣੇ ਭਾਸ਼ਨ ਵਿੱਚ ਪੰਜਾਬ ਬਾਰੇ ਬਹੁਤ ਕੁਝ ਦੱਸਿਆ।

6. ਪੰਜਾਬ ਦੇ ਕਿਸਾਨ ਬਹੁਤ ਮਿਹਨਤੀ ਹਨ, ਪੰਜਾਬ ਦਾ ਖਾਣਾ ਬਹੁਤ ਸਵਾਦ ਹੈ।
7. ਪੰਜਾਬ ਦੇ ਲੋਕ ਬਹੁਤ ਆਦਰ ਕਰਦੇ ਹਨ।
8. ਇਸ ਮੀਟਿੰਗ ਵਿੱਚ ਪਿੰਗਲਵਾੜਾ ਫਾਰਮ ਦੀਆਂ ਫੋਟੋਆਂ ਵੀ ਦਿਖਾਈਆਂ ਗਈਆਂ ਹਨ।
9. ਲੁਧਿਆਣਾ ਦਾ ਇਕ ਫਾਰਮ ਸਕਰੀਨ 'ਤੇ ਦਿਖਾਇਆ ਗਿਆ।
10. ਫਲੋਰੀ ਕਲਚਰ ਫਾਰਮ ਵੀ ਦਿਖਾਇਆ ਗਿਆ ਅਤੇ ਗੇਂਦੇ ਦੇ ਫੁੱਲਾਂ ਦਾ ਫਾਰਮ ਵੀ ਦਿਖਾਇਆ ਗਿਆ।
11. ਜਸਤੇਜ ਸਿੰਘ ਬਠਿੰਡਾ ਦਾ ਕਿਨੂੰ ਦਾ ਫਾਰਮ ਵੀ ਵੀ.ਸੀ. ਸਾਹਿਬ ਦੇ ਸਾਹਮਣੇ ਦਿਖਾਇਆ ਗਿਆ।
12. ਵੀ.ਸੀ. ਸਾਹਿਬ ਨੂੰ ਦੱਸਿਆ ਕਿ ਪੰਜਾਬ ਸਟੇਟ ਕੋਲ ਭਾਰਤ ਦੀ ਕੁੱਲ ਜ਼ਮੀਨ ਦਾ 1.5 ਪ੍ਰਤੀਸ਼ਤ ਹੈ, ਜਿਸ ਵਿਚ 43% ਝੋਨਾ ਅਤੇ 75% ਕਣਕ ਪੈਦਾ ਕਰਦਾ ਹੈ।
13. ਗੰਨਾ, ਕਿਨੂੰ, ਲੀਚੀ, ਨਾਖ ਅਤੇ ਕੁਝ ਹੋਰ ਬਾਗ਼ ਵੀ ਹਨ।

## ਕਿਸਾਨਾਂ ਦੀਆਂ ਮੁਸ਼ਕਿਲਾਂ

1. ਹੈਲਥ
2. ਧਰਤੀ ਦੀ ਸਿਹਤ
3. ਆਰਥਿਕ ਸਮੱਸਿਆ
4. ਮਹਿੰਗੀਆਂ ਦਵਾਈਆਂ , ਡੀਜ਼ਲ ਖਾਦਾਂ ਅਤੇ ਹੋਰ ਖ਼ਰਚੇ
5. ਜ਼ਮੀਨਾਂ ਘੱਟ ਹਨ, ਮਸ਼ੀਨਰੀ ਮਹਿੰਗੀ ਹੈ।

## ਦੁਪਹਿਰ ਤੋਂ ਬਾਅਦ

ਸਾਡੀ ਟੀਮ ਨੂੰ ਏਅਰ ਪੋਰਟ ਕਾਰਗੋ ਕੰਪਲੈਕਸ ਦਿਖਾਇਆ ਗਿਆ ਜਿੱਥੇ ਦੂਜੇ ਦੇਸ਼ਾਂ ਨੂੰ ਪੈਕਿੰਗ ਫਰੂਟ ਅਤੇ ਸਬਜ਼ੀਆਂ ਖੇਤੀ ਸੰਬੰਧੀ ਕਿਸਮਾਂ ਦੂਜੇ ਦੇਸ਼ਾਂ ਨੂੰ ਭੇਜੀਆਂ ਜਾਂਦੀਆਂ ਹਨ। ਚੰਦਨ ਦੀ ਲੱਕੜੀ ਵੀ ਦੂਜੇ ਦੇਸ਼ਾਂ ਵਿੱਚ ਭੇਜੀ ਜਾਂਦੀ ਹੈ।

ਪੰਜਾਬ ਤੋਂ ਸਾਡੀ ਟੀਮ ਦੇ ਮੈਂਬਰ ਚਾਰਲਸ ਡਾਰਵਿਨ ਯੂਨੀਵਰਸਿਟੀ ਆਸਟ੍ਰੇਲੀਆ ਦਾ ਕੁੱਲ ਟੂਰ ਪ੍ਰੋਗਰਾਮ 13 ਦਿਨ ਦਾ ਸੀ।

1. ਮਨਪ੍ਰੀਤ ਸਿੰਘ ਗਰੇਵਾਲ ਲੁਧਿਆਣਾ ਟੈਲੀਫ਼ੋਨ ਨੰ. 8722000001
2. ਜਸਤੇਜ ਸਿੰਘ ਸਰਾਂ ਬਠਿੰਡਾ ਟੈਲੀਫ਼ੋਨ ਨੰ. 9815434642
3. ਜਸਬੀਰ ਸਿੰਘ ਸ਼ੇਖੋਂ ਧੂਰੀ ਸੰਗਰੂਰ ਟੈਲੀਫ਼ੋਨ ਨੰ. 98154 19205
4. ਪਰਮਜੀਤ ਸਿੰਘ ਸਿੰਧਵਾਂ ਲੁਧਿਆਣਾ ਟੈਲੀਫ਼ੋਨ ਨੰ. 9781076100
5. ਹਰਦੀਪ ਸਿੰਘ ਮਲੇਰਕੋਟਲਾ ਟੈਲੀਫ਼ੋਨ ਨੰ. 7508018915

6. ਰਾਜਬੀਰ ਸਿੰਘ, ਭਗਤ ਪੂਰਨ ਸਿੰਘ ਜੀ ਕੁਦਰਤੀ ਖੇਤੀ ਫਾਰਮ ਅਤੇ ਰੀਸਰਚ ਸੈਂਟਰ ਪਿੰਗਲਵਾੜਾ ਅੰਮ੍ਰਿਤਸਰ ਟੈਲੀਫ਼ੋਨ ਨੰ. 9781401141

## Tour of Charles Darwin University (Australia)

1. Arrival the 24th of August
2. 25th August - Introductions and meet and greet at CDU
3. 26th-27th August - Farm visit around darwin and katherine
4. 28th August - Darwin to Cairns (spend a night in CNS)
5. 29th-30th August - Mareeba (2 nights)
6. 1st September - Back to Darwin (afternoon flight from CNS)
7. 2nd September - Mini-conference at CDU (10 am to 1 pm)
8. 3rd September - Return



(ਮਿੱਟੀ ਦੀ ਪਰਖ ਕਰਦੇ ਹੋਏ ਕਿਸਾਨ)

**The donations made to Pingalwara are exempt from Income Tax under Section 80G of I.T. Act. 1961**
**Cheques & Bank Drafts may be sent in favour of: 'All India Pingalwara Charitable Society (Regd.)'**
**Phone: 0183-2584586, 2584713 Mob: 9781401140 Email: pingalwara57@gmail.com, Website: www.pingalwara.org**

## ACCOUNT NO'S WITH BANKS

## PAN CARD NO. AAATA 2237R

| SN | Name of Account | Account no. | Name of the Bank | Swift code |
|---|---|---|---|---|
| | **FOR FOREIGN CONTRIBUTORS** | | | |
| 1. | All India Pingalwara Charitable Society | **40102643733** | State Bank of India<br>Main Branch,<br>11 Sansad Marg,<br>NEW DELHI – 110 001 | IFS Code – SBIN0000691<br>Branch Code – 00691<br>Bank Swift Code – SBININBB104 |
| | **INLAND ACCOUNT NO.** | | | |
| 2. | All India Pingalwara Charitable Society | **01562010003720** | Punjab National Bank<br>Mewa Mandi<br>AMRITSAR – 143 001 | IFS Code – PUNB0052300<br>Branch Code – 052300<br>Bank MICR Code – 143024021 |
| 3. | All India Pingalwara Charitable Society | **10978255668** | State Bank of India<br>Town Hall,<br>AMRITSAR – 143 001 | IFS Code – SBIN0000609<br>Bank Code – 05013058<br>Branch Code – 0609<br>Bank Swift Code – SBINHBB274<br>Bank MICR Code – 143002002 |
| 4. | All India Pingalwara Charitable Society | **630510100026147** | Bank of India,<br>City Centre,<br>AMRITSAR – 143 001 | IFS Code – BKID0006305<br>Bank Code – 013<br>Branch Code – 6305<br>Bank Swift Code – BKIDINBBASR<br>Bank MICR Code – 143013003 |
| 5. | All India Pingalwara Charitable Society | **685010100009799** | Axis Bank Ltd.<br>City Centre<br>AMRITSAR – 143 001 | IFS Code – UTIB0000685<br>Bank Code – 685<br>Branch Code – 685<br>Bank Swift Code – AXISINBB179<br>Bank MICR Code – 143211003 |
| 6. | All India Pingalwara Charitable Society | **006601012522** | ICICI Bank Ltd.,<br>Lawrence Road,<br>AMRITSAR – 143 001 | IFS Code – ICIC0000066<br>Bank Code – 0066<br>Branch Code – 000066<br>Bank Swift Code – ICICINBBFEX<br>Bank MICR Code – 143229002 |
| 7. | All India Pingalwara Charitable Society | **01151000246510** | HDFC Bank Ltd.,<br>Mall Road,<br>AMRITSAR – 143 001 | IFS Code – HDFC0000115<br>Bank Code – 0115<br>Branch Code – 0115<br>Bank Swift Code – HDFCINBB<br>Bank MICR Code – 143240002 |
| 8. | All India Pingalwara Charitable Society | **00011000096048** | Punjab & Sind Bank,<br>Hall Bazar,<br>AMRITSAR – 143 001 | IFS Code – PSIB000A001<br>Bank Code – 023<br>Branch Code – A0001<br>Bank Swift Code – PSIBINBB017<br>Bank MICR Code – 1430230025 |
| 9. | All India Pingalwara Charitable Society | **01010100015572** | Bank of Baroda,<br>Town Hall,<br>AMRITSAR – 143 001 | IFS Code – BARBOAMRITS<br>Bank Swift Code – BARBINBBAMR |
| 10. | All India Pingalwara Charitable Society | **33530846863** | *State Bank of India*<br>*Patiala Gate, Sangrur* | IFS Code – SBIN0001759 |

## All donations to Pingalwara can be sent to :

### (IN CANADA)

**Bibi Abnash Kaur Kang PINGALWARA SOCIETY OF ONTARIO (REGD.)**
124 Blackmere Cir, Brampton, ONT., L6 W 4CI, Canada Ph. 905-450-9664, 416-674-3341 Email- abnash6@yahoo.com

### (IN USA)

**JASWANT SAWHNEY CHARITABLE TRUST**
In Association with All India Pingalwara Charitable Society (Regd.) **Bibi Tresa Kaur**
22 Providence drive Flemington, NJ 08822 USA Email : tresakaur@gmail.com Ph.: 443 413 3606

### (IN UK)

Pingalwara Charitable Society UK (UK Charity No. 1178004) 765 Bath Road, Cranford, Hounslow, Middlesex TW5 9TY UK
Ph. (+44) 203 439 4440 **Email :** info@pingalwara.org.uk **Web:** www.pingalwara.org.uk **Bank:** Punjab National Bank International Ltd.
**Account No.** 13000944 Sort Code : 60 95 00 **Swift Code** : PUNBGB 22 **IBAN No.** GB54PUNB60950013000944
**S. GURBAKHSH SINGH** 63 Peacock street, Gravesend, Kent, UK DA12 IEG, Ph. 1474568574




**S. Rajbir Singh**

Member<br>Incharge of<br>Bhagat Puran Singh<br>Farm of Zero Budget<br>Natural Farming<br>& Agriculture Research<br>Centre

Ph.: 2584112<br>(M) 97814 01141


ਮੈਂਬਰ ਸ. ਰਾਜਬੀਰ ਸਿੰਘ ਇੱਕ ਸਰੀਰਕ ਸਿੱਖਿਆ ਅਧਿਆਪਕ ਅਤੇ ਇੱਕ ਵਾਤਾਵਰਣ ਵਿਗਿਆਨੀ ਦਾ ਜਨਮ 4 ਨਵੰਬਰ 1951 ਨੂੰ ਅੰਮ੍ਰਿਤਸਰ ਵਿਖੇ ਕੈਪਟਨ ਜਰਨੈਲ ਸਿੰਘ ਅਤੇ ਬੀਬੀ ਸਰਬਜੀਤ ਕੌਰ ਦੇ ਘਰ ਹੋਇਆ ਸੀ। ਉਹਨਾਂ ਨੇ ਆਪਣੀ ਸਕੂਲੀ ਸਿੱਖਿਆ ਪ੍ਰਸਿੱਧ ਸੰਤ ਸਿੰਘ ਸੁੱਖਾ ਸਿੰਘ ਸਕੂਲ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ ਅਤੇ ਫਿਰ ਆਪਣੀ ਸਿੱਖਿਆ ਸੀ.ਪੀ.ਐੱਡ. ਅਤੇ ਡੀ.ਪੀ.ਐੱਡ. ਡਿਗਰੀਆਂ ਨਾਲ ਪੂਰੀ ਕੀਤੀ। ਉਹ 1976 ਤੋਂ 2009 ਤਕ ਸਰੀਰਕ ਸਿੱਖਿਆ ਦੇ ਅਧਿਆਪਕ ਰਹੇ। ਉਨ੍ਹਾਂ ਨੇ ਇਸ ਸੰਬੰਧ ਵਿੱਚ ਆਪਣੇ ਆਪ ਨੂੰ ਇੱਕ ਵਿਲੱਖਣ ਅਧਿਆਪਕ ਸਾਬਤ ਕੀਤਾ। ਹਾਲਾਂਕਿ, ਜਦੋਂ ਉਹ ਭਗਤ ਪੂਰਨ ਸਿੰਘ ਦੀਆਂ ਮਾਨਵਤਾਵਾਦੀ ਗਤੀਵਿਧੀਆਂ ਤੋਂ ਬਹੁਤ ਪ੍ਰਭਾਵਿਤ ਹੋ ਕੇ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.) ਦੇ ਸੰਪਰਕ ਵਿੱਚ ਆਏ, ਤਾਂ ਉਹਨਾਂ ਨੇ ਆਪਣਾ ਜੀਵਨ ਮਨੁੱਖਤਾ ਦੀ ਸੇਵਾ ਵਿੱਚ ਸਮਰਪਿਤ ਕਰ ਦਿੱਤਾ। ਉਹ ਪਿੰਗਲਵਾੜਾ ਸੁਸਾਇਟੀ ਦੇ ਪਿਛਲੇ ਕਰੀਬ 15 ਸਾਲਾਂ ਤੋਂ ਆਨਰੇਰੀ ਕਾਰਜਕਾਰੀ ਮੈਂਬਰ ਹਨ। ਸਰਕਾਰੀ ਨੌਕਰੀ ਤੋਂ ਅਧਿਆਪਕ ਵਜੋਂ ਸੇਵਾਮੁਕਤ ਹੋਣ ਤੋਂ ਬਾਅਦ ਹੀ ਉਹ ਪਿੰਗਲਵਾੜਾ ਦੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਡੂੰਘਾਈ ਨਾਲ ਜੁੜੇ ਹੋਏ ਹਨ। ਸਰੀਰਕ ਸਿਖਲਾਈ ਅਧਿਆਪਕ ਵਜੋਂ ਉਹਨਾਂ ਦਾ ਪਿਛਲਾ ਤਜਰਬਾ ਪਿੰਗਲਵਾੜਾ ਸਕੂਲਾਂ ਦੀਆਂ ਵੱਖ-ਵੱਖ ਖੇਡ ਗਤੀਵਿਧੀਆਂ ਨੂੰ ਸੁਚਾਰੂ ਬਣਾਉਣ ਵਿੱਚ ਮਦਦਗਾਰ ਹੈ। ਉਹਨਾਂ ਦਾ ਮੁੱਖ ਜਨੂੰਨ ਵਾਤਾਵਰਣ ਹੈ ਅਤੇ ਉਹ ਪਿੰਗਲਵਾੜਾ ਭਗਤ ਪੂਰਨ ਸਿੰਘ ਨਰਸਰੀ ਅਤੇ ਭਗਤ ਪੂਰਨ ਸਿੰਘ ਕੁਦਰਤੀ ਫਾਰਮ ਅਤੇ ਖੋਜ ਕੇਂਦਰ ਧੀਰੇਕੋਟ (ਨੇੜੇ ਜੰਡਿਆਲਾ ਗੁਰੂ) ਵਿੱਚ ਬੇਅੰਤ ਘੰਟੇ ਬਿਤਾਉਂਦੇ ਹਨ। ਉਹਨਾਂ ਨੂੰ ਭਾਰਤ ਸਰਕਾਰ ਦੇ ਖੇਤੀਬਾੜੀ ਮੰਤਰਾਲੇ ਦੇ ਭਾਰਤੀ ਖੇਤੀ ਖੋਜ ਪ੍ਰੀਸ਼ਦ ਦੁਆਰਾ ਭਾਰਤ ਦੇ 100 ਸਭ ਤੋਂ ਵਧੀਆ ਜੈਵਿਕ/ਕੁਦਰਤੀ ਖੇਤੀ ਮਾਹਿਰਾਂ ਵਿੱਚੋਂ ਵੀ ਚੁਣਿਆ ਗਿਆ ਹੈ। ਵਾਤਾਵਰਣ ਪ੍ਰਦੂਸ਼ਣ ਅਤੇ ਰਸਾਇਣਿਕ ਖੇਤੀ ਦੇ ਖ਼ਤਰਿਆਂ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਉਹਨਾਂ ਦਾ ਮੁੱਖ ਉਦੇਸ਼ ਹੈ। ਇਸ ਲਈ ਉਹ ਸਕੂਲਾਂ, ਕਾਲਜਾਂ, ਵੱਖ-ਵੱਖ ਕਲੱਬਾਂ ਅਤੇ ਵੱਖ-ਵੱਖ **NGO** ਦੁਆਰਾ ਆਯੋਜਿਤ ਕੀਤੇ ਗਏ ਸੈਮੀਨਾਰਾਂ ਵਿੱਚ ਹਿੱਸਾ ਲੈਂਦੇ ਹਨ। ਉਹਨਾਂ ਨੂੰ ਅਕਸਰ ਟੀ.ਵੀ. ਚੈਨਲਾਂ 'ਤੇ ਗੱਲਬਾਤ ਅਤੇ ਚਰਚਾ ਲਈ ਬੁਲਾਇਆ ਜਾਂਦਾ ਹੈ। ਉਨ੍ਹਾਂ ਦੀ ਦੇਖ-ਰੇਖ ਹੇਠ ਨਰਸਰੀ ਵਿੱਚ ਇੱਕ ਲੱਖ ਦੇ ਕਰੀਬ ਬੂਟੇ ਉਗਾਏ ਗਏ ਹਨ ਜੋ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ। ਬੂਟੇ ਲਗਾਉਣ ਦੀ ਮੁਹਿੰਮ ਪਿਛਲੇ ਕਰੀਬ ਦਸ ਸਾਲਾਂ ਤੋਂ ਨਿਰਵਿਘਨ ਚੱਲ ਰਹੀ ਹੈ ਅਤੇ ਇਸ ਪ੍ਰੋਗਰਾਮ ਤਹਿਤ ਹੁਣ ਤਕ 960 ਦੇ ਕਰੀਬ ਸਕੂਲ ਕਵਰ ਕੀਤੇ ਜਾ ਚੁੱਕੇ ਹਨ। ਧੀਰੇਕੋਟ ਫਾਰਮ ਵਿਖੇ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਕਿਸਾਨਾਂ ਅਤੇ ਖੇਤੀਬਾੜੀ ਸਭਾਵਾਂ ਲਈ ਰੋਸ਼ਨੀ ਦਾ ਕੰਮ ਕਰ ਰਹੇ ਹਨ। ਉਹਨਾਂ ਦੀ ਈਮੇਲ **pingalwara57@gmial.com** ਹੈ ਅਤੇ ਫ਼ੋਨ ਨੰ. **9781401141** ਹੈ।